Sr. Teacher (Sec. Edu. Deptt.) Exam- 2025
Exam Dt. - 18.07.2026

पुस्तिका में पृष्ठों की संख्या : 24
Number of Pages in Booklet : 24
पुस्तिका में प्रश्नों की संख्या : 150
No. of Questions in Booklet : 150

SST-26

3550817

इस प्रश्न-पुस्तिका को तब तक न खोलें जब तक कहा न जाए। Do not open this Question Booklet until you are asked to do so.

प्रश्न-पुस्तिका संख्या व बारकोड / Question Booklet No. & Barcode

Paper Code : 36

Paper – II
Sub : Punjabi

समय : 02:30 घण्टे + 10 मिनट अतिरिक्त*
Time : 02:30 Hours + 10 Minutes Extra*

अधिकतम अंक : 300
Maximum Marks : 300

प्रश्न-पुस्तिका के पेपर की सील/पॉलिथीन बैग को खोलने पर प्रश्न-पत्र हल करने से पूर्व परीक्षार्थी यह सुनिश्चित कर लें कि :

- प्रश्न-पुस्तिका संख्या तथा ओ.एम.आर. उत्तर-पत्रक पर अंकित बारकोड संख्या समान हैं।
- प्रश्न-पुस्तिका एवं ओ.एम.आर. उत्तर-पत्रक के सभी पृष्ठ व सभी प्रश्न सही मुद्रित हैं। समस्त प्रश्न, जैसा कि ऊपर वर्णित है, उपलब्ध हैं तथा कोई भी पृष्ठ कम नहीं है/ मुद्रण त्रुटि नहीं है।

किसी भी प्रकार की विसंगति या दोषपूर्ण होने पर परीक्षार्थी वीक्षक से दूसरा प्रश्न-पत्र प्राप्त कर लें। यह सुनिश्चित करने की जिम्मेदारी अभ्यर्थी की होगी। परीक्षा प्रारम्भ होने के 5 मिनट पश्चात् ऐसे किसी दावे/आपत्ति पर कोई विचार नहीं किया जायेगा।

On opening the paper seal/polythene bag of the Question Booklet before attempting the question paper, the candidate should ensure that :

- **Question Booklet Number and Barcode Number of OMR Answer Sheet are same.**
- **All pages & Questions of Question Booklet and OMR Answer Sheet are properly printed. All questions as mentioned above are available and no page is missing/misprinted.**

If there is any discrepancy/defect, candidate must obtain another Question Booklet from Invigilator. Candidate himself shall be responsible for ensuring this. No claim/objection in this regard will be entertained after five minutes of start of examination.

परीक्षार्थियों के लिए निर्देश

1. प्रत्येक प्रश्न केलिये एक विकल्प भरना अनिवार्य है।
2. सभी प्रश्नों के अंक समान हैं।
3. प्रत्येक प्रश्न का मात्र एक ही उत्तर दीजिए। एक से अधिक उत्तर देने की दशा में प्रश्न के उत्तर को गलत माना जाएगा।
4. OMR उत्तर-पत्रक इस प्रश्न-पुस्तिका के अन्दर रखा है। जब आपको प्रश्न-पुस्तिका खोलने को कहा जाए, तो उत्तर-पत्रक निकाल कर ध्यान से केवल नीले बॉल पॉइंट पेन से विवरण भरें।
5. कृपया अपना रोल नम्बर ओ.एम.आर. उत्तर-पत्रक पर सावधानीपूर्वक सही भरें। गलत रोल नम्बर भरने पर परीक्षार्थी स्वयं उत्तरदायी होगा।
6. ओ.एम.आर. उत्तर-पत्रक में करेक्शन पेन/व्हाईटनर/सफेदा का उपयोग निषिद्ध है।
7. प्रत्येक गलत उत्तर के लिए प्रश्न अंक का 1/3 भाग काटा जायेगा। गलत उत्तर से तात्पर्य अशुद्ध उत्तर अथवा किसी भी प्रश्न के एक से अधिक उत्तर से है।
8. प्रत्येक प्रश्न के पाँच विकल्प दिये गये हैं, जिन्हें क्रमशः 1, 2, 3, 4, 5 अंकित किया गया है। अभ्यर्थी को सही उत्तर निर्दिष्ट करते हुए उनमें से केवल एक गोले (बबल) को उत्तर-पत्रक पर नीले बॉल पॉइंट पेन से गहरा करना है।
9. यदि आप प्रश्न का उत्तर नहीं देना चाहते हैं तो उत्तर-पत्रक में पाँचवें (5) विकल्प को गहरा करें। यदि पाँच में से कोई भी गोला गहरा नहीं किया जाता है, तो ऐसे प्रश्न के लिये प्रश्न अंक का 1/3 भाग काटा जायेगा।
10. * प्रश्न-पत्र हल करने के उपरांत अभ्यर्थी अनिवार्य रूप से ओ.एम.आर. उत्तर-पत्रक जाँच लें कि समस्त प्रश्नों के लिये एक विकल्प (गोला) भर दिया गया है। इसके लिये ही निर्धारित समय से 10 मिनट का अतिरिक्त समय दिया गया है।
11. यदि अभ्यर्थी 10% से अधिक प्रश्नों में पाँच विकल्पों में से कोई भी विकल्प अंकित नहीं करता है तो उसको अयोग्य माना जायेगा।
12. मोबाइल फोन अथवा अन्य किसी इलेक्ट्रोनिक यंत्र का परीक्षा हॉल में प्रयोग पूर्णतया वर्जित है। यदि किसी अभ्यर्थी के पास ऐसी कोई वर्जित सामग्री मिलती है तो उसके विरुद्ध आयोग द्वारा नियमानुसार कार्यवाही की जायेगी।

चेतावनी : अगर कोई अभ्यर्थी नकल करते पकड़ा जाता है या उसके पास से कोई अनधिकृत सामग्री पाई जाती है, तो उस अभ्यर्थी के विरुद्ध पुलिस में प्राथमिकी दर्ज कराते हुए राजस्थान सार्वजनिक परीक्षा (भर्ती में अनुचित साधनों की रोकथाम अध्युपाय) अधिनियम, 2022 तथा अन्य प्रभावी कानून एवं आयोग के नियमों-प्रावधानों के तहत कार्यवाही की जाएगी। साथ ही आयोग ऐसे अभ्यर्थी को भविष्य में होने वाली आयोग की समस्त परीक्षाओं से विवर्जित कर सकता है।

INSTRUCTIONS FOR CANDIDATES

1. **It is mandatory to fill one option for each question.**
2. **All** questions carry equal marks.
3. Only **one** answer is to be given for each question. If more than one answers are marked, it would be treated as wrong answer.
4. The **OMR** Answer Sheet is inside this Question Booklet. When you are directed to open the Question Booklet, take out the Answer Sheet and fill in the particulars carefully with **Blue Ball Point Pen** only.
5. Please correctly fill your Roll Number in **OMR** Answer Sheet. Candidates will themselves be responsible for filling wrong Roll No.
6. **Use of Correction Pen/Whitener in the OMR Answer Sheet is strictly forbidden.**
7. **1/3 part of the mark(s) of each question will be deducted for each wrong answer.** A wrong answer means an incorrect answer or more than one answers for any question.
8. **Each question has five options marked as 1, 2, 3, 4, 5. You have to darken only one circle (bubble) indicating the correct answer on the Answer Sheet using BLUE BALL POINT PEN.**
9. **If you are not attempting a question then you have to darken the circle '5'. If none of the five circles is darkened, one third (1/3) part of the marks of question shall be deducted.**
10. * **After solving question paper, candidate must ascertain that he/she has darkened one of the circles (bubbles) for each of the questions. Extra time of 10 minutes beyond scheduled time, is provided for this.**
11. **A candidate who has not darkened any of the five circles in more than 10% questions shall be disqualified.**
12. **Mobile Phone or any other electronic gadget in the examination hall is strictly prohibited. A candidate found with any of such objectionable material with him/her will be strictly dealt with as per rules.**

Warning : If a candidate is found copying or if any unauthorized material is found in his/her possession, F.I.R. would be lodged against him/her in the Police Station and he/she would be liable to be prosecuted under **Rajasthan Public Examination (Measures for Prevention of Unfair means in Recruitment) Act, 2022 & any other laws applicable and Commission's Rules-Regulations.** Commission may also debar him/her permanently from all future examinations.

उत्तर-पत्रक में दो प्रतियाँ हैं – मूल प्रति और कार्बन प्रति। परीक्षा समाप्ति पर परीक्षा कक्ष छोड़ने से पूर्व परीक्षार्थी उत्तर-पत्रक की दोनों प्रतियाँ वीक्षक को सौंपेंगे, परीक्षार्थी स्वयं कार्बन प्रति अलग नहीं करें। वीक्षक उत्तर-पत्रक की मूल प्रति को अपने पास जमा कर, कार्बन प्रति को मूल प्रति से कट लाइन से मोड़ कर सावधानीपूर्वक अलग कर परीक्षार्थी को सौंपेंगे, जिसे परीक्षार्थी अपने साथ ले जायेंगे। परीक्षार्थी को उत्तर-पत्रक की कार्बन प्रति चयन प्रक्रिया पूर्ण होने तक सुरक्षित रखनी होगी एवं आयोग द्वारा माँगे जाने पर प्रस्तुत करनी होगी।

1. 'ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ' ਅਖਾਣ ਕਿਸ ਪ੍ਰਸੰਗ ਵਿਚ ਵਰਤਿਆ ਜਾਂਦਾ ਹੈ ?

(1) ਆਦਤਾਂ ਦੇ ਪ੍ਰਸੰਗ ਵਿਚ

(2) ਮਜ਼ਬੂਤੀ ਦੇ ਪ੍ਰਸੰਗ ਵਿਚ

(3) ਕੁਰਬਾਨੀ ਦੇ ਪ੍ਰਸੰਗ ਵਿਚ

(4) ਮਿਹਨਤ ਦੇ ਪ੍ਰਸੰਗ ਵਿਚ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

2. ਹੇਠ ਲਿਖਿਆਂ ਵਿੱਚੋਂ ਕਿਹੜਾ ਜੁੱਟ ਸਹੀ ਨਹੀਂ ਹੈ ?

(1) ਆਚਾਰੀਆ ਭੱਟਲੋਲਟ – ਉਤਪੱਤੀਵਾਦ

(2) ਆਚਾਰੀਆ ਸ਼ੰਕੁਕ – ਅਨੁਮਿਤਿਵਾਦ

(3) ਆਚਾਰੀਆ ਭੱਟਨਾਇਕ – ਭੁਕਤਿਵਾਦ

(4) ਆਚਾਰੀਆ ਅਭਿਨਵਗੁਪਤ – ਅਲੰਕਾਰਵਾਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

3. ਉਹ ਜੁਟ ਪਏ ਦੋਵੇਂ ਸੂਰਮੇ ਰਣ ਘੱਗੇ ਹਾਰੇ,
ਉਹ ਮਾਰਣ ਜੱਟ ਵਦਾਣ ਵਾਂਗ ਹੋ ਪੱਬਾ ਭਾਰੇ ।
ਕਰ ਝੜਕ ਕੜਕ ਕੜਕ ਕੜਕ ਢਾਲੀਂ ਬਲਖਾਰੇ ।
ਉਪਰੋਕਤ ਪੰਕਤੀਆਂ ਵਿੱਚ ਕਿਹੜੇ ਰਸ ਦਾ ਪ੍ਰਯੋਗ ਕੀਤਾ ਗਿਆ ਹੈ ।

(1) ਰੌਦਰ ਰਸ

(2) ਸ਼ਿੰਗਾਰ ਰਸ

(3) ਕਰੁਣ ਰਸ

(4) ਬੀਰ ਰਸ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

4. ਹੇਠ ਲਿਖੇ ਸਲੋਕ ਦਾ ਸੰਬੰਧ ਕਿਸ ਛੰਦ ਨਾਲ ਹੈ ?
ਦੀਨ ਦਰਦ ਦੁਖ ਭੰਜਨਾ ਘਟ ਘਟ ਨਾਥ ਅਨਾਥ ।।
ਸਰਨ ਤੁਮਾਰੀ ਆਇਓ ਨਾਨਕ ਕੇ ਪ੍ਰਭ ਸਾਥ ।।

(1) ਬੈਂਤ ਛੰਦ

(2) ਦੋਹਿਰਾ ਛੰਦ

(3) ਕੋਰੜਾ ਛੰਦ

(4) ਸੋਰਠਾ ਛੰਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

5. ਛੰਦ ਦੀ ਪੂਰੀ ਸਤਰ ਨੂੰ ਕੀ ਕਹਿੰਦੇ ਹਨ ?

(1) ਤੁਕਾਂਗ

(2) ਕਲੀ

(3) ਪਿੰਗਲ

(4) ਵਿਸਰਾਮ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

6. ਹੇਠ ਲਿਖੀਆਂ ਕਾਵਿ ਪੰਗਤੀਆਂ ਕਿਸ ਛੰਦ ਵਿਚ ਹਨ ?
ਬਣ ਜਾ ਉਹ ਇਨਸਾਨ,
ਰਾਸ ਗੁਣਾਂ ਦੀ ਸਾਂਭ ਕੇ ।
ਲੋਚੇ ਸਰਬ ਜਹਾਨ,
ਜਿਸਦੇ ਨਿੱਘੇ ਪਿਆਰ ਨੂੰ ।

(1) ਕਬਿੱਤ

(2) ਸੋਰਠਾ

(3) ਦਵੱਯਾ

(4) ਬੈਂਤ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

7. ਹੇਠ ਲਿਖੀਆਂ ਕਾਵਿ ਪੰਗਤੀਆਂ ਵਿਚ ਕਿਹੜਾ ਅਲੰਕਾਰ ਵਰਤਿਆ ਗਿਆ ਹੈ :

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ।
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ।।

(1) ਅਤਿਕਥਨੀ (2) ਅਨੁਪ੍ਰਾਸ
(3) ਰੂਪਕ (4) ਦ੍ਰਿਸ਼ਟਾਂਤ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

8. 'ਲਿਸ਼ਕਨ ਤੇਗਾਂ ਬਰਛੀਆਂ ਸੂਰਜ ਨਦਰਿ ਨ ਆਇ' ਵਿਚ ਕਿਹੜੇ ਅਲੰਕਾਰ ਦੀ ਵਰਤੋਂ ਕੀਤੀ ਗਈ ਹੈ ?

(1) ਉਪਮਾ (2) ਅਤਿਕਥਨੀ
(3) ਅਨੁਪ੍ਰਾਸ (4) ਦ੍ਰਿਸ਼ਟਾਂਤ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

9. ਨਿੱਕੀ ਕਹਾਣੀ ਤੇ ਰੇਖਾ ਚਿਤਰ ਦੇ ਸਾਂਝ ਤੇ ਵਖਰੇਵੇਂ ਸੰਬੰਧੀ ਹੇਠ ਲਿਖਿਆਂ ਵਿਚੋਂ ਕਿਹੜਾ ਕਥਨ ਸਹੀ ਨਹੀਂ ਹੈ ?

1. ਨਿੱਕੀ ਕਹਾਣੀ ਦੀ ਘਟਨਾਵੀ ਬਣਤਰ ਵਧੇਰੇ ਜਟਿਲ ਤੇ ਪੀਢੀ ਹੁੰਦੀ ਹੈ ਜਦ ਕਿ ਰੇਖਾ ਚਿਤਰ ਦੀ ਪੇਸ਼ਕਾਰੀ ਸਰਲ ਤੇ ਤਿੱਖੀ ਹੁੰਦੀ ਹੈ ।
2. ਕਹਾਣੀ ਵਿਚ ਕਲਪਨਾ ਤੋਂ ਵਧੇਰੇ ਕੰਮ ਲਿਆ ਜਾਂਦਾ ਹੈ ਜਦਕਿ ਰੇਖਾ ਚਿਤਰ ਵਿਚ ਲੇਖਕ ਦਾ ਮੂਲ ਧੁਰਾ ਉਸਦਾ ਨਿੱਜੀ ਅਨੁਭਵ ਰਹਿੰਦਾ ਹੈ ।
3. ਨਿੱਕੀ ਕਹਾਣੀ ਤੇ ਰੇਖਾ ਚਿਤਰ ਦੋਵਾਂ ਵਿਚ ਕਥਾਨਕ, ਪਲਾਟ, ਗੰਦ ਦਾ ਬੜਾ ਮਹੱਤਵ ਹੁੰਦਾ ਹੈ ।
4. ਨਿੱਕੀ ਕਹਾਣੀ ਦੇ ਮੁਕਾਬਲੇ ਰੇਖਾ ਚਿਤਰ ਵਿਅਕਤੀ ਤੇ ਅੰਦਰਲੇ ਤੇ ਬਾਹਰਲੇ ਜੀਵਨ ਨੂੰ ਵਧੇਰੇ ਡੂੰਘੀ ਨਾਲ ਉਘਾੜਦਾ ਹੈ ।

(1) ਪਹਿਲਾ, ਦੂਜਾ ਤੇ ਚੌਥਾ
(2) ਪਹਿਲਾ, ਤੀਜਾ ਤੇ ਚੌਥਾ
(3) ਪਹਿਲਾ, ਦੂਜਾ ਤੇ ਤੀਜਾ
(4) ਉਪਰੋਕਤ ਸਾਰੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

10. ਮੰਗਲਾਚਰਣ ਕਿਸ ਸਾਹਿਤ ਰੂਪ ਦੀ ਵਿਸ਼ੇਸ਼ਤਾ ਹੈ ?

(1) ਕਾਫੀ
(2) ਨਾਵਲ
(3) ਵਾਰ
(4) ਗ਼ਜ਼ਲ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

11. ਭਾਰਤੀ ਖੇਡਾਂ ਤੇ ਖਿਡਾਰੀਆਂ ਬਾਰੇ ਨਿਬੰਧ ਲਿਖਣ ਵਾਲਾ ਖੇਤਰ ਕੌਣ ਹੈ ?

(1) ਬਲਵੰਤ ਗਾਰਗੀ
(2) ਸਾਹਿਬ ਸਿੰਘ
(3) ਬਲਰਾਜ ਸਾਹਨੀ
(4) ਪ੍ਰਿੰ. ਸਰਵਣ ਸਿੰਘ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

12. 'ਸਭ ਗੈਸ ਬੁਝਾ ਦਿਉ ਜੀ, ਸਾਡਾ ਕੁੜਮ ਬੈਟਰੀ ਵਰਗਾ' ਕਿਸ ਲੋਕ ਸਾਹਿਤ ਰੂਪ ਨਾਲ ਸੰਬੰਧਤ ਹੈ ?

(1) ਸਿੱਠਣੀ
(2) ਟੱਪਾ
(3) ਸੁਹਾਗ
(4) ਅਲਾਹੁਣੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

13. ਸੋਗ ਸਮੇਂ ਨਾਲ ਸੰਬੰਧਿਤ ਲੋਕ ਸਾਹਿਤ ਰੂਪ ਹੈ

(1) ਸਿੱਠਣੀ

(2) ਅਲਾਹੁਣੀ

(3) ਘੋੜੀ

(4) ਲੋਰੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

14. 'ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉੱਡ ਜਾਣਾ' ਕਿਸ ਲੋਕ ਸਾਹਿਤ ਰੂਪ ਨਾਲ ਸਬੰਧਤ ਹੈ ?

(1) ਘੋੜੀਆਂ

(2) ਸੁਹਾਗ

(3) ਲੋਰੀ

(4) ਸਿੱਠਣੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

15. 'ਛਪਾਰ ਦਾ ਮੇਲਾ' ਪੰਜਾਬ ਦੇ ਕਿਸ ਜ਼ਿਲ੍ਹੇ ਵਿਚ ਲਗਦਾ ਹੈ ?

(1) ਅੰਮ੍ਰਿਤਸਰ

(2) ਫਿਰੋਜ਼ਪੁਰ

(3) ਲੁਧਿਆਣਾ

(4) ਰੂਪਨਗਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

16. ਕਿਹੜੀ ਲੋਕ ਖੇਡ ਨਹੀਂ ਹੈ

(1) ਕਬੱਡੀ

(2) ਗੁੱਲੀ ਡੰਡਾ

(3) ਹਾਕੀ

(4) ਲੁਕਣ ਮੀਚੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

17. ਹੇਠ ਲਿਖਿਆਂ ਵਿਚੋਂ ਕਿਹੜਾ ਲੋਕ-ਨਾਚ ਜੁੱਟ ਕੇਵਲ ਇਸਤਰੀਆਂ ਨਾਲ ਸੰਬੰਧਤ ਹੈ ?

(1) ਕਿਕਲੀ, ਗਿੱਧਾ, ਸੰਮੀ

(2) ਭੰਗੜਾ, ਕਿੱਕਲੀ, ਝੂੰਮਰ

(3) ਝੂੰਮਰ, ਲੁੱਡੀ, ਭੰਗੜਾ

(4) ਸੰਮੀ, ਲੁੱਡੀ, ਝੂੰਮਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

18. 'ਪੰਚ ਤੰਤਰ' ਤੇ 'ਹਿਤ ਉਪਦੇਸ਼' ਜਿਹੇ ਪੁਰਾਣੇ ਗ੍ਰੰਥਾਂ ਵਿਚ ਸ਼ਾਮਲ ਕਹਾਣੀਆਂ ਕਿਹੜੀਆਂ ਕਥਾਵਾਂ ਹਨ ?

(1) ਨੀਤੀ ਕਥਾਵਾਂ

(2) ਦੰਦ ਕਥਾਵਾਂ

(3) ਪਰੀ ਕਥਾਵਾਂ

(4) ਪ੍ਰੀਤ ਕਥਾਵਾਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

19. 'ਦੁੱਲਾ ਭੱਟੀ' ਦਾ ਸੰਬੰਧ ਕਿਸ ਲੋਕ ਕਥਾ ਵੰਨਗੀ ਨਾਲ ਹੈ ?

(1) ਦੰਦ ਕਥਾ

(2) ਪਰੀ ਕਥਾ

(3) ਨੀਤੀ ਕਥਾ

(4) ਪ੍ਰੇਤ ਕਥਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

20. 'ਦੰਦ ਕਥਾ' ਦੀ ਸਿਰਜਣਾ ਵਿਚ ਕੀ ਸ਼ਾਮਿਲ ਹੁੰਦਾ ਹੈ ?

(1) ਨਿਰੀ ਕਲਪਨਾ

(2) ਨਿਰਾ ਝੂਠ

(3) ਕੇਵਲ ਤੱਥ

(4) ਤੱਥ ਤੇ ਕਲਪਨਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

21. 'ਜਪੁ' ਬਾਣੀ ਵਿੱਚ ਕੁਲ ਕਿੰਨੀਆਂ ਪਉੜੀਆਂ ਹਨ ?

(1) ਪੈਂਤੀ

(2) ਛੱਤੀ

(3) ਸੈਂਤੀ

(4) ਅਠੱਤੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

22. ਗੁਰੂ ਅਰਜਨ ਦੇਵ ਜੀ ਦੀਆਂ ਵਾਰਾਂ ਕਿਸ ਰਾਗ ਵਿੱਚ ਨਹੀਂ ਹਨ ।

(1) ਗੂਜਰੀ

(2) ਜੈਤਸਰੀ

(3) ਬਿਹਾਗੜਾ

(4) ਬਸੰਤ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

23. 'ਆਸਾ ਦੀ ਵਾਰ' ਦੀਆਂ ਕਿੰਨੀਆਂ ਪਉੜੀਆਂ ਅਤੇ ਕਿੰਨੇ ਸੋਲਕ ਹਨ ? ਇਹਨਾਂ ਸ਼ਲੋਕਾਂ ਵਿਚ ਕਿੰਨੇ ਸ਼ਲੋਕ ਗੁਰੂ ਨਾਨਕ ਦੇਵ ਜੀ ਅਤੇ ਕਿੰਨੇ ਗੁਰੂ ਅੰਗਦ ਦੇਵ ਜੀ ਦੇ ਹਨ ?

(1) 22 ਪਉੜੀਆਂ, 57 ਸ਼ਲੋਕ (42 ਸ਼ਲੋਕ ਗੁਰੂ ਨਾਨਕ ਦੇਵ ਜੀ ਦੇ ਅਤੇ 15 ਗੁਰੂ ਅੰਗਦ ਦੇਵ ਜੀ ਦੇ)

(2) 24 ਪਉੜੀਆਂ, 59 ਸ਼ਲੋਕ (38 ਸ਼ਲੋਕ ਗੁਰੂ ਨਾਨਕ ਦੇਵ ਜੀ ਦੇ ਅਤੇ 21 ਗੁਰੂ ਅੰਗਦ ਦੇਵ ਜੀ ਦੇ)

(3) 24 ਪਉੜੀਆਂ, 59 ਸ਼ਲੋਕ (44 ਸ਼ਲੋਕ ਗੁਰੂ ਨਾਨਕ ਦੇਵ ਜੀ ਦੇ ਅਤੇ 15 ਗੁਰੂ ਅੰਗਦ ਦੇਵ ਜੀ ਦੇ)

(4) 22 ਪਉੜੀਆਂ, 62 ਸ਼ਲੋਕ (48 ਸ਼ਲੋਕ ਗੁਰੂ ਨਾਨਕ ਦੇਵ ਜੀ ਦੇ ਅਤੇ 14 ਗੁਰੂ ਅੰਗਦ ਦੇਵ ਜੀ ਦੇ)

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

24. ਗੁਰੂ ਨਾਨਕ ਦੇਵ ਦੀ ਰਚਨਾ ਬਾਹਰਮਾਹ ਦੇ ਕਿੰਨੇ ਪਦੇ ਹਨ

(1) 12

(2) 16

(3) 14

(4) 17

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

25. ਜੈਜਾਵੰਤੀ ਰਾਗ ਵਿਚ ਕਿਸ ਗੁਰੂ ਸਾਹਿਬ ਨੇ ਬਾਣੀ ਉਚਾਰੀ ਹੈ ?

(1) ਗੁਰੂ ਨਾਨਕ ਦੇਵ ਜੀ

(2) ਗੁਰੂ ਅੰਗਦ ਦੇਵ ਜੀ

(3) ਗੁਰੂ ਅਮਰ ਦਾਸ ਜੀ

(4) ਗੁਰੂ ਤੇਗ ਬਹਾਦਰ ਜੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

26. 'ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ' ਸਲੋਕ ਕਿਸ ਗੁਰੂ ਸਾਹਿਬ ਦਾ ਉਚਾਰਿਆ ਹੋਇਆ ਹੈ ?

(1) ਗੁਰੂ ਨਾਨਕ ਦੇਵ ਜੀ

(2) ਗੁਰੂ ਅੰਗਦ ਦੇਵ ਜੀ

(3) ਗੁਰੂ ਅਮਰਦਾਸ ਜੀ

(4) ਗੁਰੂ ਤੇਗ ਬਹਾਦਰ ਜੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

27. 'ਸੁਖਮਨੀ' ਸਾਹਿਬ ਵਿਚ ਕੁੱਲ ਕਿੰਨੀਆਂ ਅਸ਼ਟਪਦੀਆਂ ਸ਼ਾਮਿਲ ਹਨ ?

(1) ਇੱਕੀ

(2) ਚੌਵੀ

(3) ਤਿੰਨ

(4) ਚਾਲੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

28. 'ਸੁਖਮਨੀ' ਬਾਣੀ ਵਿਚ ਕਿਹੜੇ ਸਹੀ ਕਾਵਿ-ਰੂਪ, ਜੁੱਟ ਦੀ ਵਰਤੋਂ ਕੀਤੀ ਗਈ ਹੈ ?

(1) ਅਸ਼ਟਪਦੀਆਂ ਅਤੇ ਸ਼ਲੋਕ

(2) ਸ਼ਿਅਰ ਅਤੇ ਸ਼ਲੋਕ

(3) ਪਉੜੀਆਂ ਅਤੇ ਸ਼ਲੋਕ

(4) ਕਾਫ਼ੀਆਂ ਅਤੇ ਅਸ਼ਟਪਦੀਆਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

29. ਜੈਜਾਵੰਤੀ ਰਾਗ ਵਿਚ ਉਚਾਰੀ ਗਈ ਬਾਣੀ ਦਾ ਰੂਪਾਕਾਰ ਕਿਹੜਾ ਹੈ ?

(1) ਸਲੋਕ

(2) ਅਸ਼ਟਪਦੀ

(3) ਦੁਪਦੇ

(4) ਬਾਰਹਮਾਹ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

30. ਗੁਰੂ ਤੇਗ ਬਹਾਦਰ ਜੀ ਰਚਿਤ ਸ਼ਲੋਕ

ਸੁਆਮੀ ਕੋ ਗ੍ਰਿਹ ਜਿਉ ਸਦਾ ਸੁਆਨ ਤਜਤ ਨਹੀ ਨਿਤ
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੋਇ ਇਕਿ ਚਿਤ ।

ਵਿਚ ਆਏ ਸ਼ਬਦ 'ਸੁਆਨ' ਦਾ ਕੀ ਭਾਵ ਹੈ ?

(1) ਗੁਲਾਮ

(2) ਭਗਤ

(3) ਕੁੱਤਾ

(4) ਪਸ਼ੂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

31. ਬਾਬਾ ਫ਼ਰੀਦ ਦੀ ਰਚਨਾ ਕਿਸ ਛੰਦ ਵਿਚ ਪ੍ਰਾਪਤ ਹੈ ?

(1) ਵਰਣਿਕ ਛੰਦ

(2) ਗਣਿਕ ਛੰਦ

(3) ਮਾਤ੍ਰਿਕ ਛੰਦ

(4) ਵਰਣਿਕ ਤੇ ਗਣਿਕ ਛੰਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

32. 'ਮਿੱਤਰਾਂ ਦੀ ਮਿਜ਼ਮਾਨੀ ਖਾਤਰ ਦਿਲ ਦਾ ਲੋਹੂ ਛਾਣੀਦਾ' ਕਿਸ ਸੂਫੀ ਕਵੀ ਦੀ ਰਚਨਾ ਹੈ ?

(1) ਸ਼ੇਖ਼ ਫਰੀਦ

(2) ਸ਼ਾਹ ਹੁਸੈਨ

(3) ਬੁੱਲ੍ਹੇ ਸ਼ਾਹ

(4) ਵਜੀਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

33. ਹੇਠ ਲਿਖਿਆਂ ਵਿੱਚੋਂ ਫ਼ਾਰਸੀ ਅੱਖਰ ਕ੍ਰਮ ਅਨੁਸਾਰ ਸਿਰਜਿਆ ਜਾਣ ਵਾਲਾ ਕਾਵਿ ਰੂਪ ਕਿਹੜਾ ਹੈ ?

(1) ਸਲੋਕ

(2) ਕਾਫ਼ੀ

(3) ਸੀਹਰਫੀ

(4) ਸ਼ਬਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

34. 'ਕਉਣ ਸਾਹਿਬ ਨੂੰ ਆਖੇ' ਦੀ ਤਕੀਆ ਕਲਾਮ ਪੰਗਤੀ ਕਿਸ ਸੂਫੀ ਕਵੀ ਨਾਲ ਸਬੰਧਤ ਹੈ ?

(1) ਸ਼ਾਹ ਹੁਸੈਨ

(2) ਬੁੱਲ੍ਹੇ ਸ਼ਾਹ

(3) ਸੁਲਤਾਨ ਬਾਹੂ

(4) ਵਜੀਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

35. ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ਼ ਫਰੀਦ ਜੀ ਦੇ ਸ਼ਬਦ ਕਿਹੜੇ ਰਾਗਾਂ ਵਿਚ ਦਰਜ ਹਨ ?

(1) ਆਸਾ ਤੇ ਮਾਝ

(2) ਆਸਾ ਤੇ ਸੋਰਠਿ

(3) ਆਸਾ ਤੇ ਸੂਹੀ

(4) ਸੂਹੀ ਤੇ ਸਾਰੰਗ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

36. 'ਇਸ਼ਕ ਦੀ ਨਵੀਉਂ ਨਵੀਂ ਬਹਾਰ' ਕਾਫ਼ੀ ਦਾ ਕਰਤਾ ਕੌਣ ਹੈ ?

(1) ਸ਼ਾਹ ਹੁਸੈਨ

(2) ਸੁਲਤਾਨ ਬਾਹੂ

(3) ਬੁਲ੍ਹੇ ਸ਼ਾਹ

(4) ਵਜੀਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

37. ਸ਼ਾਹ ਹੁਸੈਨ ਦਾ ਸਬੰਧ ਸੂਫ਼ੀਆਂ ਦੇ ਕਿਸ ਫਿਰਕੇ ਜਾਂ ਸੰਪ੍ਰਦਾਇ ਨਾਲ ਹੈ ?

(1) ਚਿਸ਼ਤੀ

(2) ਕਾਦਰੀ

(3) ਨਕਸ਼ਬੰਦੀ

(4) ਸਲਾਮਤੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

38. ਸ਼ੇਖ਼ ਫਰੀਦ ਦਾ ਸਬੰਧ ਕਿਸ ਸੂਫ਼ੀ ਫਿਰਕੇ ਨਾਲ ਹੈ ?

(1) ਚਿਸ਼ਤੀ

(2) ਕਾਦਰੀ

(3) ਨਕਸ਼ਬੰਦੀ

(4) ਸਲਾਮਤੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

39. ਹੇਠ ਲਿਖਿਆਂ ਵਿਚੋਂ ਸੱਦ ਕਾਵਿ ਰੂਪ ਵਿਚ ਰਚੀ ਗਈ ਕਿੱਸਾ ਰਚਨਾ ਕਿਹੜੀ ਹੈ ?

(1) ਹੀਰ-ਵਾਰਿਸ ਸ਼ਾਹ

(2) ਹੀਰ-ਦਮੋਦਰ

(3) ਸੱਸੀ-ਹਾਸ਼ਮ

(4) ਮਿਰਜ਼ਾ ਸਾਹਿਬਾਂ-ਪੀਲੂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

40. 'ਸੂਤਰਿਕ ਕਿੱਸਾ ਸ਼ੈਲੀ' ਦਾ ਪ੍ਰਥਮ ਨਿਰਮਾਤਾ ਕੌਣ ਹੈ ?

(1) ਦਮੋਦਰ

(2) ਹਾਸ਼ਮ

(3) ਕਾਦਰਯਾਰ

(4) ਪੀਲੂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

41. ਪੀਲੂ ਦੀ ਮਿਰਜ਼ਾ-ਸਾਹਿਬਾਂ ਕਿੱਸੇ ਵਿੱਚ ਇਸਤਰੀ ਪ੍ਰਤੀ ਕੀ ਦ੍ਰਿਸ਼ਟੀ ਹੈ –

(1) ਪ੍ਰਸ਼ੰਸਾ ਕੀਤੀ ਹੈ

(2) ਭੰਡੀ ਕੀਤੀ ਹੈ

(3) ਬਹਾਦਰੀ ਨੂੰ ਪੇਸ਼ ਕੀਤਾ ਹੈ

(4) ਸਿਆਣਪ ਦਿਖਾਈ ਹੈ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

42. ਵਾਰਿਸ ਸ਼ਾਹ ਸੁਖ਼ਨ ਦਾ ਵਾਰਸ
ਨਿੰਦੇ ਕੌਣ ਉਨ੍ਹਾਂ ਨੂੰ ।
ਸ਼ਿਅਰ ਉਹਦੇ ਤੇ ਉਂਗਲ ਧਰਨੀ,
ਨਾਹੀਂ ਕਦਰ ਅਸਾਂ ਨੂੰ ।
ਇਹ ਸਤਰਾਂ ਕਿਸ ਕਵੀ ਦੀਆਂ ਹਨ
(1) ਵਾਰਿਸ ਸ਼ਾਹ
(2) ਹਾਫਜ਼ ਬਰਖਰਦਾਰ
(3) ਪੀਲੂ
(4) ਮੁਹੰਮਦ ਬਖ਼ਸ਼
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

43. ਹਾਸ਼ਮ ਸ਼ਾਹ ਨੇ ਕਿੱਸਾ ਸੱਸੀ-ਪੁੰਨੂ ਕਿਹੜੇ ਛੰਦ ਵਿਚ ਲਿਖਿਆ ਹੈ
(1) ਬੈਂਤ
(2) ਦੋਹਿਰਾ
(3) ਕਬਿਤ
(4) ਦਵੱਈਆ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

44. ਦਮੋਦਰ ਦੇ ਕਥਨ ਅਨੁਸਾਰ ਹੀਰ-ਰਾਂਝੇ ਦਾ ਪਿਆਰ ਕਿੰਨੇ ਵਰ੍ਹਿਆਂ ਦੀ ਉਮਰ ਵਿਚ ਹੋ ਜਾਂਦਾ ਹੈ ?
(1) ਦਸ
(2) ਗਿਆਰਾਂ
(3) ਬਾਰਾਂ
(4) ਚੌਦਾਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

45. 'ਪ੍ਰਿਥਮ ਭਗਉਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ' ਵਾਰ-ਪੰਗਤੀਆਂ ਕਿਸ ਵਾਰ ਨਾਲ ਸਬੰਧਤ ਹਨ ?
(1) ਨਾਦਰ ਸ਼ਾਹ ਦੀ ਵਾਰ
(2) ਚੱਠਿਆਂ ਦੀ ਵਾਰ
(3) ਚੰਡੀ ਦੀ ਵਾਰ
(4) ਆਸਾ ਦੀ ਵਾਰ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

46. 'ਝੰਡੇ ਨਿੱਕਲੇ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ' ਪੰਗਤੀਆਂ ਕਿਸ ਰਚਨਾ ਵਿਚੋਂ ਲਈਆਂ ਗਈਆਂ ਹਨ ?
(1) ਚੱਠਿਆਂ ਦੀ ਵਾਰ
(2) ਨਾਦਰ ਸ਼ਾਹ ਦੀ ਵਾਰ
(3) ਚੰਡੀ ਦੀ ਵਾਰ
(4) ਜੰਗਨਾਮਾ ਸਿੰਘਾ ਤੇ ਫਰੰਗੀਆਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

47. 'ਚੱਠਿਆਂ ਦੀ ਵਾਰ' ਵਿਚ ਚੱਠਿਆਂ ਅਤੇ ਸ਼ੁੱਕਰਚੱਕੀਆਂ ਵਿਚਕਾਰ ਪਹਿਲੀ ਲੜਾਈ ਕਿਥੇ ਹੁੰਦੀ ਹੈ ?
(1) ਮਨਚਰ
(2) ਪਾਨੀਪਤ
(3) ਸੈਦ ਨਗਰ
(4) ਉਦੇ ਨਗਰ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

48. 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' (ਸ਼ਾਹ ਮੁਹੰਮਦ) ਵਿੱਚ ਕਿੰਨੇ ਥਾਂਵਾਂ ਤੇ ਹੋਈਆਂ ਲੜਾਈਆਂ ਦਾ ਵਰਣਨ ਹੈ
(1) ਇੱਕ
(2) ਚਾਰ
(3) ਤਿੰਨ
(4) ਦੋ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

49. ਅੰਮ੍ਰਿਤਾ ਪ੍ਰੀਤਮ ਦਾ ਪਹਿਲਾ ਕਾਵਿ ਸੰਗ੍ਰਹਿ ਕਿਹੜਾ ਹੈ
(1) ਅੰਮ੍ਰਿਤ ਲਹਿਰਾਂ
(2) ਠੰਡੀਆਂ ਕਿਰਨਾਂ
(3) ਓ ਗੀਤਾਂ ਵਾਲਿਆ
(4) ਨਿੱਕੀ ਜਿਹੀ ਸੁਗਾਤ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

50. ਹੇਠ ਲਿਖਿਆਂ ਵਿਚੋਂ ਪ੍ਰੋ. ਮੋਹਨ ਸਿੰਘ ਦੇ ਕਾਵਿ ਸੰਗ੍ਰਿਹਾਂ ਦਾ ਸਹੀ ਜੁੱਟ ਹੈ :
(1) ਕਸੁੰਭੜਾ, ਜੰਦਰੇ, ਚਾਰ ਹੰਝੂ, ਸੰਝ ਦੀ ਲਾਲੀ, ਕਚ ਸਚ
(2) ਮਾਖਿਓ, ਸਾਵੇ ਪੱਤਰ, ਅਧਵਾਟੇ, ਵੱਡਾ ਵੇਲਾ, ਲੋਕ ਪੀੜ
(3) ਸਾਵੇ ਪੱਤਰ, ਅਧਵਾਟੇ, ਵੱਡਾ ਵੇਲਾ, ਜੰਦਰੇ, ਸਰਘੀ ਵੇਲਾ
(4) ਬੂਹੇ, ਕਸੁੰਭੜਾ, ਆਵਾਜ਼ਾਂ, ਜੈ ਮੀਰ, ਅਧਵਾਟੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

51. ਸ਼ਿਵ ਕੁਮਾਰ ਬਟਾਲਵੀ ਨੂੰ ਕਿਸ ਕਾਵਿ ਸੰਗ੍ਰਹਿ ਲਈ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ ਹੈ ?
(1) ਆਟੇ ਦੀਆਂ ਚਿੜੀਆਂ
(2) ਲੂਣਾ
(3) ਮੈਂ ਤੇ ਮੈਂ
(4) ਅਲਵਿਦਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

52. ਭਾਈ ਵੀਰ ਸਿੰਘ ਨੂੰ ਉਸਦੇ ਸਮਕਾਲੀ ਕਵੀਆਂ ਨੇ ਆਪੋ-ਆਪਣੇ ਢੰਗ ਨਾਲ ਵਡਿਆਇਆ ਸੀ । ਲਾਲਾ ਧਨੀ ਰਾਮ ਚਾਤ੍ਰਿਕ ਸਾਨੂੰ ਕੀ ਕਹਿੰਦਾ ਹੈ ?
(1) ਚੂੜਾਮਣੀ ਕਵੀ
(2) ਮੁਕਟਮਣੀ
(3) ਸਿੱਖ ਪੁਨਰ ਜਾਗ੍ਰਿਤੀ ਦਾ ਥੰਮ
(4) ਨਵੀਨ ਕਵਿਤਾ ਦਾ ਮੋਢੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

53. ਰਚਨਾਕਾਲ ਦੇ ਆਧਾਰ 'ਤੇ ਕਵੀ ਦਾ ਸਹੀ ਕਾਲ ਕ੍ਰਮ ਹੈ –
ੳ. ਜਸਵੰਤ ਜਫ਼ਰ
ਅ. ਭਾਈ ਵੀਰ ਸਿੰਘ
ੲ. ਅੰਮ੍ਰਿਤਾ ਪ੍ਰੀਤਮ
ਸ. ਸੁਰਜੀਤ ਪਾਤਰ
ਹੇਠ ਲਿਖਿਆਂ ਵਿਚੋਂ ਸਹੀ ਵਿਕਲਪ ਦੀ ਚੋਣ ਕਰੋ ।
(1) ਅ, ਸ, ੲ, ੳ
(2) ਅ, ੲ, ਸ, ੳ
(3) ੳ, ਅ, ੲ, ਸ
(4) ਅ, ਸ, ੳ, ੲ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

54. 'ਹਨੇਰੇ ਵਿਚ ਸੁਲਗਦੀ ਵਰਣਮਾਲਾ' ਕਾਵਿ ਸੰਗ੍ਰਹਿ ਦਾ ਸਬੰਧ ਕਿਸ ਕਵੀ ਨਾਲ ਹੈ ?
(1) ਸੁਰਜੀਤ ਪਾਤਰ
(2) ਪਾਸ਼
(3) ਜਸਵੰਤ ਜ਼ਫ਼ਰ
(4) ਸੰਤ ਰਾਮ ਉਦਾਸੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

55. ਪ੍ਰਗਤੀਵਾਦੀ ਕਾਵਿ ਧਾਰਾ ਨਾਲ ਸਬੰਧਤ ਕਵੀਆਂ ਦੇ ਸਹੀ ਜੁੱਟ ਦੀ ਪਛਾਣ ਕਰੋ ?
(1) ਭਾਈ ਵੀਰ ਸਿੰਘ – ਧਨੀ ਰਾਮ ਚਾਤ੍ਰਿਕ
(2) ਹਰਿਭਜਨ ਸਿੰਘ – ਸ਼ਿਵ ਕੁਮਾਰ
(3) ਮੋਹਨ ਸਿੰਘ – ਬਾਬਾ ਬਲਵੰਤ
(4) ਅਜਾਇਬ ਕਮਲ – ਪਾਸ਼
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

56. 'ਤੂਤਾਂ ਵਾਲਾ ਖੂਹ' ਨਾਵਲ ਕਿਸ ਨਾਵਲਕਾਰ ਦੀ ਰਚਨਾ ਹੈ ?

(1) ਨਾਨਕ ਸਿੰਘ

(2) ਸੋਹਣ ਸਿੰਘ ਸੀਤਲ

(3) ਰਾਮ ਸਰੂਪ ਅਣਖੀ

(4) ਗੁਰਦਿਆਲ ਸਿੰਘ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

57. ਹੇਠ ਲਿਖਿਆਂ ਵਿਚੋਂ ਕਿਹੜਾ ਨਾਵਲ 'ਗਦਰ ਲਹਿਰ ਦੇ ਇਤਿਹਾਸ' ਨੂੰ ਪੇਸ਼ ਕਰਦਾ ਹੈ ।

(1) ਇਕ ਮਿਆਨ ਦੋ ਤਲਵਾਰਾਂ – ਨਾਨਕ ਸਿੰਘ

(2) ਕੁਵੇਲਾ – ਗੁਰਦਿਆਲ ਸਿੰਘ

(3) ਜੁੱਗ ਬਦਲ ਗਿਆ – ਸੋਹਣ ਸਿੰਘ ਸੀਤਲ

(4) ਪਰਤਾਪੀ – ਰਾਮ ਸਰੂਪ ਅਣਖੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

58. ਸੋਹਣ ਸਿੰਘ ਸੀਤਲ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਕਿਸ ਨਾਵਲ 'ਤੇ ਮਿਲਿਆ ?

(1) ਤੂਤਾਂ ਵਾਲਾ ਖੂਹ

(2) ਈਚੋਗਿਲ ਨਹਿਰ ਤੱਕ

(3) ਜੁੱਗ ਬਦਲ ਗਿਆ

(4) ਦੀਵੇ ਦੀ ਲੋਅ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

59. ਹੇਠ ਲਿਖਿਆਂ ਵਿਚੋਂ ਕਿਹੜਾ ਨਾਵਲ ਦਲੀਪ ਕੌਰ ਟਿਵਾਣਾ ਰਚਿਤ ਨਹੀਂ ਹੈ ।

(1) ਦੂਸਰੀ ਸੀਤਾ

(2) ਪੀਲੇ ਪੱਤਿਆਂ ਦੀ ਦਾਸਤਾਨ

(3) ਤੀਲੀ ਦਾ ਨਿਸ਼ਾਨ

(4) ਧੁੱਪ ਵਾਲਾ ਸ਼ਹਿਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

60. "ਜਦੋਂ ਭਾਰਤ ਵਿਚ ਨਾਵਲ ਰੂਪ ਦਾ ਪਤਨ ਹੋ ਰਿਹਾ ਸੀ, ਉਸ ਵੇਲੇ ਗੁਰਦਿਆਲ ਸਿੰਘ ਨੇ ਪੰਜਾਬੀ ਵਿਚ 'ਮੜ੍ਹੀ ਦਾ ਦੀਵਾ' ਲਿਖ ਕੇ ਹਿੰਦੁਸਤਾਨ ਦੇ ਨਾਵਲ ਰੂਪ ਨੂੰ ਪਤਨ ਵਿਚ ਜਾਣ ਤੋਂ ਬਚਾ ਲਿਆ ।" ਗੁਰਦਿਆਲ ਸਿੰਘ ਦੀ ਨਾਵਲਕਾਰੀ ਬਾਰੇ ਇਹ ਟਿੱਪਣੀ ਕਿਸ ਵਿਦਵਾਨ ਦੀ ਹੈ ?

(1) ਡਾ. ਜੋਗਿੰਦਰ ਸਿੰਘ ਰਾਹੀ

(2) ਰਾਮਧਾਰੀ ਸਿੰਘ ਦਿਨਕਰ

(3) ਡਾ. ਨਾਮਵਰ ਸਿੰਘ

(4) ਡਾ. ਟੀ.ਆਰ. ਵਿਨੋਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

61. ਹੇਠ ਲਿਖਿਆਂ ਵਿਚੋਂ ਕਿਸ ਕਹਾਣੀਕਾਰ ਨੂੰ ਪ੍ਰਗਤੀਵਾਦੀ-ਮਾਰਕਸਵਾਦੀ ਵਿਚਾਰਧਾਰਾ ਵਾਲੇ ਕਹਾਣੀਕਾਰ ਵਜੋਂ ਜਾਣਿਆ ਜਾਂਦਾ ਹੈ ?

(1) ਕਰਤਾਰ ਸਿੰਘ ਦੁੱਗਲ

(2) ਕੁਲਵੰਤ ਸਿੰਗ ਵਿਰਕ

(3) ਸੁਜਾਨ ਸਿੰਘ

(4) ਪ੍ਰੇਮ ਪ੍ਰਕਾਸ਼

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

62. ਵਰਿਆਸ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਕਿਹੜਾ ਜੁੱਟ ਪੰਜਾਬ ਸੰਕਟ ਨਾਲ ਸੰਬੰਧਿਤ ਹੈ ?

(1) ਭੱਜੀਆਂ ਬਾਹੀਂ, ਮੈਂ ਹੁਣ ਠੀਕ ਠਾਕ ਹਾਂ, ਪਰਛਾਵੇਂ

(2) ਚੌਥੀ ਕੂਟ, ਭੱਜੀਆਂ ਬਾਹੀਂ, ਆਪਣਾ ਆਪਣਾ ਹਿੱਸਾ

(3) ਚੌਥੀ ਕੂਟ, ਅੰਗ ਸੰਗ, ਵਾਪਸੀ

(4) ਭੱਜੀਆਂ ਬਾਹੀਂ, ਪਰਛਾਵੇਂ, ਸੁਨਹਿਰੀ ਕਿਣਕਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

63. ਹੇਠ ਲਿਖਿਆਂ ਵਿਚੋਂ ਕਿਸ ਕਹਾਣੀਕਾਰ ਨੂੰ ਸ਼ਹਿਰੀ ਮੱਧਵਰਗੀ ਚੇਤਨਾ ਵਾਲੇ ਕਹਾਣੀਕਾਰ ਵਜੋਂ ਜਾਣਿਆ ਜਾਂਦਾ ਹੈ ?

(1) ਵਰਿਆਮ ਸੰਧੂ

(2) ਪ੍ਰੇਮ ਪ੍ਰਕਾਸ਼

(3) ਸੰਤ ਸਿੰਘ ਸੇਖੋਂ

(4) ਸੰਤੋਖ ਸਿੰਘ ਧੀਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

64. ਮੱਧ ਸ਼੍ਰੇਣੀ ਨਾਲ ਸੰਬੰਧਿਤ 'ਨਵੇਂ ਮਨੁੱਖ' ਦੇ ਸੰਕਲਪ ਨੂੰ ਪੇਸ਼ ਕਰਨ ਵਾਲਾ ਕਹਾਣੀਕਾਰ ਕਿਹੜਾ ਹੈ

(1) ਸੁਰਿੰਦਰ ਸਿੰਘ ਨਰੂਲਾ

(2) ਅਜੀਤ ਕੌਰ

(3) ਵਰਿਆਮ ਸਿੰਘ ਸੰਧੂ

(4) ਕੁਲਵੰਤ ਸਿੰਘ ਵਿਰਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

65. ਹੇਠ ਲਿਖਿਆਂ ਵਿਚੋਂ ਕਹਾਣੀਕਾਰ ਅਤੇ ਉਹਨਾਂ ਦੁਆਰਾ ਰਚਿਤ ਕਹਾਣੀ ਦਾ ਸਹੀ ਜੁੱਟ ਕਿਹੜਾ ਹੈ ?

A.	ਕੁਲਵੰਤ ਸਿੰਘ ਵਿਰਕ	i.	ਕੋਈ ਇਕ ਸਵਾਰ
B.	ਕਰਤਾਰ ਸਿੰਘ ਦੁੱਗਲ	ii.	ਰਾਸ ਲੀਲ੍ਹਾ
C.	ਸੁਜਾਨ ਸਿੰਘ	iii.	ਉੱਚੀ ਅੱਡੀ ਵਾਲੀ ਗੁਰਗਾਬੀ
D.	ਸੰਤੋਖ ਸਿੰਘ ਧੀਰ	iv.	ਮੇਜਰ

(1) A-iii, B-i, C-iv, D-ii

(2) A-i, B-iv, C-iii, D-ii

(3) A-ii, B-i, C-iv, D-iii

(4) A-iv, B-iii, C-ii, D-i

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

66. ਜਬਰ-ਵਿਆਹ, ਵਿਧਵਾ-ਵਿਆਹ ਅਤੇ ਪ੍ਰੀਤ-ਵਿਆਹ ਨੂੰ ਸਭ ਤੋਂ ਪਹਿਲਾਂ ਆਪਣੇ ਨਾਟਕਾਂ ਦਾ ਵਿਸ਼ਾ ਬਣਾਉਣ ਵਾਲਾ ਨਾਟਕਕਾਰ ਕਿਹੜਾ ਹੈ :-

(1) ਹਰਚਰਨ ਸਿੰਘ

(2) ਈਸ਼ਵਰ ਚੰਦਰ ਨੰਦਾ

(3) ਸੰਤ ਸਿੰਘ ਸੇਖੋਂ

(4) ਬਲਵੰਤ ਗਾਰਗੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

67. ਹੇਠ ਲਿਖਿਆਂ ਵਿਚੋਂ ਕਿਹੜਾ ਈਸ਼ਵਰ ਚੰਦਰ ਨੰਦਾ ਦੀਆਂ ਇਕਾਂਗੀਆਂ ਦਾ ਸਹੀ ਜੁੱਟ ਹੈ ?

(1) ਮਾਂ ਡਾ ਡਿਪਟੀ, ਬੇਈਮਾਨ, ਮੋਨਧਾਰੀ, ਜਿੰਨ, ਹੇਰਾ ਫੇਰੀ

(2) ਸ਼ੋਸ਼ਲ ਸਰਕਲ, ਜੀਵਨ ਲੀਲਾ, ਬਾਬੇ ਘਸੀਟੇ ਦੀ ਨਾਟ-ਮੰਡਲੀ, ਬੇਬੇ ਰਾਮ ਭਜਨੀ

(3) ਬੇਬੇ ਰਾਮ ਭਜਨੀ, ਮੁਰਾਦ, ਸ਼ਾਮੂ ਸ਼ਾਹ, ਚੋਰ ਕੌਣ, ਸੁਖਰਾਸ, ਮਾਂ

(4) ਇਹ ਡੂਮਣੇ, ਸੁਭੱਦਰਾ, ਬੇਈਮਾਨ, ਵਰ ਘਰ, ਨਵਾਂ ਜਹਾਨ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

68. ਸੂਚੀ-I ਦਾ ਸੂਚੀ-II ਨਾਲ ਮਿਲਾਨ ਕਰੋ ।

ਸੂਚੀ-I	*ਸੂਚੀ-II*
ੳ. ਹਰਚਰਨ ਸਿੰਘ	I. ਛੇ ਘਰ
ਅ. ਬਲਵੰਤ ਗਾਰਗੀ	II. ਸੀਸ ਤਲੀ ਤੇ
ੲ. ਸੰਤ ਸਿੰਘ ਸੇਖੋਂ	III. ਜੀਵਨ ਲੀਲਾ
ਸ. ਗੁਰਸ਼ਰਨ ਸਿੰਘ	IV. ਧੂਣੀ ਦੀ ਅੱਗ

ਹੇਠ ਲਿਖਿਆਂ ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ ।

(1) ੳ-I, ਅ-II, ੲ-III, ਸ-IV

(2) ੳ-III, ਅ-IV, ੲ-I, ਸ-II

(3) ੳ-III, ਅ-I, ੲ-IV, ਸ-II

(4) ੳ-IV, ਅ-III, ੲ-II, ਸ-I

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

69. ਹੇਠ ਲਿਖਿਆਂ ਵਿਚੋਂ ਸਵਰਾਜ ਬੀਰ ਦੁਆਰਾ ਲਿਖਿਆ ਹੋਇਆ ਨਾਟਕ ਕਿਹੜਾ ਹੈ ?

(1) ਛੜਿਆਂ ਦਾ ਗੀਤ

(2) ਬਾਬਾ ਬੰਤੂ

(3) ਸ਼ਾਇਰੀ

(4) ਕਾਮਾਗਾਟਾਮਾਰੂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

70. ਹੇਠ ਲਿਖਿਆਂ ਵਿਚੋਂ ਕਿਸ ਨਾਟਕਕਾਰ ਨੂੰ ਸਿੱਖ ਰੂਪਾਂਤਰਣ ਵੰਨਗੀ ਦੇ ਨਾਟਕਕਾਰ ਵਜੋਂ ਜਾਣਿਆ ਜਾਂਦਾ ਹੈ ?

(1) ਸਵਰਾਜਬੀਰ

(2) ਈਸ਼ਵਰ ਚੰਦਰ ਨੰਦਾ

(3) ਸੁਰਜੀਤ ਸਿੰਘ ਸੇਠੀ

(4) ਗੁਰਸ਼ਰਨ ਸਿੰਘ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

71. ਹੇਠ ਲਿਖਿਆਂ ਵਿੱਚ ਕਿਹੜਾ ਨਾਟਕ ਅਜਮੇਰ ਔਲਖ ਰਚਿਤ ਨਹੀਂ ਹੈ ?

(1) ਬੇਗਾਨੇ ਬੋਹੜ ਦੀ ਛਾਂ

(2) ਤੂੜੀ ਵਾਲਾ ਕੋਠਾ

(3) ਫ਼ਰਸ਼ ਵਿਚ ਉੱਗਿਆ ਰੁੱਖ

(4) ਇਕ ਰਮਾਇਣ ਹੋਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

72. ਹੇਠ ਲਿਖਿਆਂ ਵਿਚੋਂ ਕਿਹੜਾ ਪ੍ਰੋ. ਪੂਰਨ ਸਿੰਘ ਦੇ ਲੇਖਾਂ ਦਾ ਸਹੀ ਜੁੱਟ ਹੈ ?

(1) ਮਿਤ੍ਰਤਾ, ਮੁਰਾਦ, ਕੋਮਲ ਹੁਨਰ, ਵੋਟ ਤੇ ਪਾਲੇਟਿਕਸ

(2) ਮਿਤ੍ਰਤਾ, ਕੋਮਲ ਹੁਨਰ, ਦੇਸ਼ ਪਿਆਰ, ਆਰਟ

(3) ਮੁਰਾਦ, ਕੋਮਲ ਹੁਨਰ, ਨਾਇਕਾ ਦੀ ਜੀਵਨ ਕਥਾ, ਕੀਰਤ ਤੇ ਮਿੱਠਾ ਬੋਲਣਾ

(4) ਵੋਟ ਤੇ ਪਾਲੇਟਿਕਸ, ਮਜ਼ਬੂਬੀ ਜਿਊੜੇ, ਦੇਸ਼ ਪਿਆਰ, ਆਰਟ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

73. ਪ੍ਰਿੰਸੀਪਲ ਤੇਜਾ ਸਿੰਘ ਦੀ ਕਿਹੜੀ ਪੁਸਤਕ ਆਲੋਚਨਾਤਮਕ ਅਤੇ ਸਾਹਿਤਕ ਖੋਜ ਦੇ ਲੇਖਾਂ ਦਾ ਸੰਗ੍ਰਿਹ ਹੈ ?

(1) ਸਾਹਿਤ ਵਿਵੇਕ

(2) ਸਾਹਿਤ ਦਰਸ਼ਨ

(3) ਸਾਹਿਤ ਦਰਪਣ

(4) ਸਾਹਿਤ ਸ਼ਾਸਤਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

74. ਪੰਜਾਬੀ ਦੇ ਕਿਸ ਵਾਰਤਕ ਲਿਖਾਰੀ ਨੂੰ 'ਗੁਰਬਾਣੀ ਦਾ ਪਾਣਿਨੀ' ਆਖ ਕੇ ਸਤਿਕਾਰਿਆ ਗਿਆ ਹੈ ?

(1) ਭਾਈ ਵੀਰ ਸਿੰਘ

(2) ਪ੍ਰੋ. ਸਾਹਿਬ ਸਿੰਘ

(3) ਪ੍ਰੋ. ਪੂਰਨ ਸਿੰਘ

(4) ਗਿਆਨੀ ਗੁਰਦਿੱਤ ਸਿੰਘ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

75. ਪਾਕਿਸਤਾਨੀ ਸਫ਼ਰ ਦੌਰਾਨ ਬਲਰਾਜ ਸਾਹਨੀ ਦੇ ਮੁਖ ਮੇਜ਼ਬਾਨ ਕੌਣ ਸਨ ?

(1) ਅੰਜੁਮ ਤੱਕੀ

(2) ਸਯਦ ਇਮਤਿਆਜ਼

(3) ਸ਼ੇਰ ਅਫ਼ਜ਼ਲ ਜਾਫ਼ਰੀ

(4) ਡਾਕਟਰ ਨਜ਼ੀਰ ਅਹਿਮਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

76. ਹੇਠ ਲਿਖਿਆਂ ਵਿਚੋਂ ਲੋਕ ਧਾਰਾ ਨਾਲ ਸਬੰਧਤ ਨਿਬੰਧ ਲੇਖਕ ਕੌਣ ਹੈ ?

(1) ਪ੍ਰੋ. ਤੇਜਾ ਸਿੰਘ

(2) ਸੋਹਿੰਦਰ ਸਿੰਘ ਵਣਜਾਰਾ ਬੇਦੀ

(3) ਪ੍ਰੋ. ਸਾਹਿਬ ਸਿੰਘ

(4) ਪ੍ਰੋ. ਪੂਰਨ ਸਿੰਘ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

77. 'ਪਿਆਰ ਵਿਚ ਮੋਏ ਬੰਦਿਆਂ ਦੇ ਮਿੱਠੇ ਬਚਨ ਕਵਿਤਾ ਹਨ' ਵਾਰਤਕ ਕਥਨ ਕਿਸ ਲੇਖਕ ਦੁਆਰਾ ਲਿਖਿਆ ਗਿਆ ਹੈ ?

(1) ਗੁਰਬਖ਼ਸ਼ ਸਿੰਘ

(2) ਪੂਰਨ ਸਿੰਘ

(3) ਸ਼ਰਧਾ ਰਾਮ ਫਲੌਰੀ

(4) ਲਾਲ ਸਿੰਘ ਕਮਲਾ ਅਕਾਲੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

78. 'ਮੇਰੀ ਜੀਵਨ ਕਹਾਣੀ' ਸਵੈ-ਜੀਵਨੀ ਦਾ ਲੇਖਕ ਕੌਣ ਹੈ ?

(1) ਤੇਜਾ ਸਿੰਘ

(2) ਹੀਰਾ ਸਿੰਘ ਦਰਦ

(3) ਪ੍ਰੋ. ਸਾਹਿਬ ਸਿੰਘ

(4) ਸੰਤੋਖ ਸਿੰਘ ਧੀਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

79. ਸ੍ਵੈ-ਜੀਵਨੀ ਰੰਗਾਂ ਦੀ ਗਾਗਰ (ਸਰਦਾਰ ਸਿੰਘ ਜੌਹਲ) ਦੇ ਪਹਿਲੇ ਕਾਂਡ ਦਾ ਕੀ ਨਾਂ ਹੈ ?

(1) ਬਟਵਾਰਾ ਹੋਇਆ ਤੇ ਜਵਾਨੀ ਆਈ

(2) ਕਾਲਜ ਦੀ ਬਹਾਰ

(3) ਬਚਪਨ ਬਨਾਮ ਬਾਦਸ਼ਾਹੀ

(4) ਕਾਲਜ ਤੋਂ ਬਾਅਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

80. ਹੇਠ ਲਿਖਿਆਂ ਵਿਚੋਂ ਕਿਹੜਾ ਪੰਜਾਬੀ ਸਭਿਆਚਾਰ ਦਾ ਲੱਛਣ ਨਹੀਂ ਹੈ ?

(1) ਕਿਰਤ ਦੇ ਅਮਲ ਨੂੰ ਪ੍ਰਾਥਮਿਕਤਾ

(2) ਦਰਬਾਰੀ ਖਾਸੇ ਤੋਂ ਅਭਿੱਜ

(3) ਦੈਵਿਕਤਾ ਪੰਜਾਬੀ ਸਭਿਆਚਾਰ ਦਾ ਲਾਜ਼ਮੀ ਅਤੇ ਕੇਂਦਰੀ ਅੰਗ

(4) ਪੰਜਾਬੀ ਸਭਿਆਚਾਰ ਸਮੂਹਿਕ ਜੀਵਨ ਢੰਗ ਦਾ ਸਿਰਜਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

81. ਕਿਹੜੇ ਅਮਲ ਦੀ ਪ੍ਰਾਥਮਿਕਤਾ ਪੰਜਾਬੀ ਬੰਦੇ ਦੀ ਆਰਥਿਕ ਖੁਸ਼ਹਾਲੀ, ਪਹਿਲ ਕਦਮੀ ਅਤੇ ਉਨਤੀ ਦਾ ਸਿੱਧਾ ਪ੍ਰਮਾਣ ਹੈ ।

(1) ਕਿਰਤ

(2) ਨਿਖੱਟੂ

(3) ਲੋਟੂ

(4) ਕੰਮਚੋਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

82. ਜਿਸ ਘਰ ਲੜਕੀ ਵਿਆਹ ਕੇ ਭੇਜੀ ਜਾਂਦੀ ਹੈ ਅਤੇ ਉਸੇ ਘਰ ਦੀ ਲੜਕੀ ਵਿਆਹ ਕੇ ਲਿਆਂਦੀ ਜਾਂਦੀ ਹੈ – ਪੰਜਾਬੀ ਸਭਿਆਚਾਰ ਵਿਚ ਅਜਿਹਾ ਵਿਆਹ ਅਖਵਾਉਂਦਾ ਹੈ –

(1) ਪੁੰਨ ਦਾ ਵਿਆਹ

(2) ਕਰੇਵਾ

(3) ਵੱਟੇ-ਸੱਟੇ ਦਾ ਵਿਆਹ

(4) ਚਾਦਰ ਪਾਉਣੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

83. ਪੰਜਾਬੀ ਸਭਿਆਚਾਰ ਵਿਚ 'ਬਾਹਰ ਵਧਾਉਣ ਦੀ ਰਸਮ' ਕਿਸ ਸੰਸਕਾਰ ਨਾਲ ਸਬੰਧਤ ਹੈ ?

(1) ਵਿਆਹ ਸੰਸਕਾਰ

(2) ਜਨਮ ਸੰਸਕਾਰ

(3) ਮੌਤ ਸੰਸਕਾਰ

(4) ਅੰਤਿਮ ਸੰਸਕਾਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

84. ਪੱਤਲ ਦੀ ਰਸਮ ਕਿਸ ਵਲੋਂ ਨਿਭਾਈ ਜਾਂਦੀ ਹੈ ?

(1) ਕੁੜੀ ਵਾਲੀ ਧਿਰ ਵੱਲੋਂ

(2) ਨਾਨਕਿਆਂ ਵੱਲੋਂ

(3) ਦਾਦਕਿਆਂ ਵੱਲੋਂ

(4) ਜਾਂਞੀਆਂ ਵੱਲੋਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

85. ਮੌਤ ਨਾਲ ਸੰਬੰਧਿਤ ਰੀਤਾਂ ਦਾ ਸਹੀ ਜੁੱਟ ਹੈ :

(1) ਬਾਹਰ ਵਧਾਉਣਾ, ਮੰਗਣੇ ਦੀ ਰੀਤ

(2) ਜੰਡੀ ਵੱਢਣਾ, ਮੋਟ ਕਰਨਾ

(3) ਦੀਵਾ ਵੱਟੀ, ਅੱਧ-ਮਾਰਗ ਦੀ ਰੀਤ

(4) ਚੋਖਾ ਕਰਨਾ, ਮਾਈਏਂ ਦੀ ਰਸਮ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

86. ਪੰਜਾਬੀ ਭਾਸ਼ਾ ਦਾ ਵਿਕਾਸ ਕਿਸ ਭਾਸ਼ਾ ਪਰਿਵਾਰ ਵਿਚੋਂ ਹੋਇਆ ਹੈ ?

(1) ਭਾਰਤੀ-ਈਰਾਨੀ

(2) ਭਾਰਤੀ-ਯੂਨਾਨੀ

(3) ਭਾਰਤੀ-ਯੂਰਪੀ

(4) ਰੋਮਨ-ਗਰੈਕੋ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

87. ਸੂਚੀ-I ਦਾ ਸੂਚੀ-II ਨਾਲ ਮਿਲਾਨ ਕਰੋ ।

ਸੂਚੀ-I	*ਸੂਚੀ-II*
ੳ. ਡਾ. ਪ੍ਰੇਮ ਪ੍ਰਕਾਸ਼ ਸਿੰਘ	I. ਭਾਸ਼ਾ ਸਿਧਾਂਤ ਤੇ ਸਰੋਕਾਰ
ਅ. ਪਰਮਜੀਤ ਸਿੰਘ ਢੀਂਗਰਾ	II. ਪੰਜਾਬੀ ਭਾਸ਼ਾ ਦਾ ਵਿਕਾਸ
ੲ. ਪ੍ਰੋ. ਵਿਦਿਆ ਭਾਸਕਰ ਅਰੁਣ	III. ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ
ਸ. ਦੁਨੀ ਚੰਦ੍	IV. ਪੰਜਾਬੀ ਭਾਸ਼ਾ ਦਾ ਇਤਿਹਾਸ

ਹੇਠ ਲਿਖਿਆਂ ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ ।

(1) ੳ-I, ਅ-II, ੲ-III, ਸ-IV

(2) ੳ-II, ਅ-III, ੲ-IV, ਸ-I

(3) ੳ-III, ਅ-I, ੲ-IV, ਸ-II

(4) ੳ-IV, ਅ-III, ੲ-II, ਸ-I

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

88. "ਭਾਸ਼ਾ, ਸ੍ਵੈ-ਇੱਛ ਨਾਲ ਉਤਪੰਨ ਪ੍ਰਤੀਕਾਂ ਦੇ ਜ਼ਰੀਏ ਵਿਚਾਰਾਂ, ਭਾਵਾਂ ਤੇ ਇੱਛਾਵਾਂ ਦੇ ਸੰਚਾਰ ਦਾ ਇੱਕ ਖਾਲਸ ਮਨੁੱਖੀ ਤੇ ਗੈਰ-ਜਮਾਂਦਰੂ ਢੰਗ ਹੈ", ਇਹ ਕਥਨ ਕਿਸ ਭਾਸ਼ਾ ਵਿਗਿਆਨੀ ਦਾ ਹੈ ?

(1) ਆਟੋ ਜੈਸਪਰਸਨ

(2) ਜੀ. ਰੀਵਜ਼

(3) ਸੈਪੀਅਰ

(4) ਹੈਰਿਸ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

89. ਦੁਨੀ ਚੰਦ੍ ਅਨੁਸਾਰ ਪੰਜਾਬੀ ਕਿਸ ਅਪਭ੍ਰੰਸ ਤੋਂ ਨਿਕਲੀ ?

(1) ਟੱਕੀ

(2) ਕੈਕਯੀ

(3) ਸ਼ੌਰਸੇਨੀ

(4) ਮਾਗਧੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

90. ਹੇਠ ਲਿਖਿਆਂ ਵਿੱਚੋਂ ਕਿਹੜਾ ਦੀਰਘ ਸ੍ਵਰ ਨਹੀਂ ਹੈ ?

(1) ਉ

(2) ਊ

(3) ਓ

(4) ਔ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

91. ਪੱਛਮੀ ਪੰਜਾਬ ਵਿਚ ਪੰਜਾਬੀ ਲਿਖਣ ਲਈ ਗੁਰਮੁਖੀ ਦਾ ਬਦਲ ਕਿਹੜੀ ਲਿਪੀ ਹੈ ?

(1) ਸ਼ਾਹਮੁਖੀ

(2) ਨਾਗਰੀ

(3) ਟਾਕਰੀ

(4) ਲੰਡੇ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

92. 'ਗੁਰਮੁਖੀ ਲਿੱਪੀ ਦਾ ਜਨਮ ਅਤੇ ਵਿਕਾਸ' ਦੇ ਲੇਖਕ ਹਨ –

(1) ਜੋਗਿੰਦਰ ਸਿੰਘ ਪੁਆਰ

(2) ਜੀ.ਬੀ. ਸਿੰਘ

(3) ਡਾ. ਪਰਮਜੀਤ ਸਿੰਘ ਸਿੱਧੂ

(4) ਡਾ. ਬਲਦੇਵ ਸਿੰਘ ਚੀਮਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

93. ਹੇਠ ਲਿਖਿਆਂ ਵਿੱਚੋਂ ਕਿਹੜਾ ਲਘੂ ਸਵਰ ਨਹੀਂ ਹੈ ?

(1) ਇ

(2) ਈ

(3) ਅ

(4) ਉ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

94. ਪੰਜਾਬੀ ਦੁੱਤ ਵਿਅੰਜਨਾਂ ਦੇ ਉਚਾਰਨ ਨੂੰ ਗੁਰਮੁਖੀ ਦੇ ਕਿਸ ਚਿੰਨ੍ਹ ਨਾਲ ਅੰਕਿਤ ਕੀਤਾ ਜਾਂਦਾ ਹੈ ?

(1) ਬਿੰਦੀ

(2) ਟਿੱਪੀ

(3) ਅੱਧਕ

(4) ਪੈਰ ਅੱਖਰ ਪਾ ਕੇ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

95. ਹੇਠ ਲਿਖੀਆਂ ਧੁਨੀਆਂ ਵਿੱਚ ਕਿਹੜੀ ਅਡੱਕਵੀਂ ਦੰਤੀ ਧੁਨੀ ਨਹੀਂ ਹੈ ?

(1) ਪਾਰਸ਼ਵਿਕ (ਲ)

(2) ਟਰਿਲ (ਰ)

(3) ਫਲੈਪ (ੜ)

(4) ਸੰਘਰਸ਼ੀ (ਸ)

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

96. ਪੰਜਾਬੀ ਭਾਸ਼ਾ ਅਧਿਆਪਨ ਲਈ ਸਿੱਖਿਆ ਦੀ ਪਹਿਲੀ ਇਕਾਈ ਵਜੋਂ ਕਿੱਥੋਂ ਆਰੰਭ ਕਰਨਾ ਚਾਹੀਦਾ ਹੈ ਤਾਂ ਜੋ ਬੱਚੇ ਆਸਾਨੀ ਨਾਲ ਸਮਝ ਸਕਣ ।

(1) ਅੱਖਰ

(2) ਸ਼ਬਦ

(3) ਵਾਕੰਸ਼

(4) ਵਾਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

97. ਪੰਜਾਬੀ ਭਾਸ਼ਾ ਅਧਿਆਪਨ ਦੀ ਸਿੱਖਿਆ ਲਈ ਕਿਹੜਾ ਸਿਧਾਂਤ ਚੁਕਵਾਂ ਨਹੀਂ ਹੈ ?

(1) ਸੁਭਾਵਿਕਤਾ ਦਾ ਸਿਧਾਂਤ

(2) ਕਿਰਿਆਸ਼ੀਲਤਾ ਦਾ ਸਿਧਾਂਤ

(3) ਮੌਖਿਕ ਕਾਰਜ ਤੋਂ ਪਹਿਲਾਂ ਲਿਖਣ ਕਾਰਜ ਦਾ ਸਿਧਾਂਤ

(4) ਲਿਖਣ ਤੇ ਬੋਲਣ ਵਿਚ ਸੁਮੇਲਤਾ ਦਾ ਸਿਧਾਂਤ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

98. ਭਾਸ਼ਾ-ਸਿੱਖਿਆਂ ਦੇ ਕੌਸ਼ਲਾਂ ਦਾ ਸਹੀ ਕ੍ਰਮ ਹੈ ।

(1) ਸੁਣਨਾ, ਪੜ੍ਹਨਾ, ਬੋਲਣਾ, ਲਿਖਣਾ

(2) ਬੋਲਣਾ, ਸੁਣਨਾ, ਲਿਖਣਾ, ਪੜ੍ਹਨਾ

(3) ਸੁਣਨਾ, ਬੋਲਣਾ, ਪੜ੍ਹਨਾ, ਲਿਖਣਾ

(4) ਬੋਲਣਾ, ਪੜ੍ਹਨਾ, ਸੁਣਨਾ, ਲਿਖਣਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

99. ਉੱਚੀ ਪੜ੍ਹਨਾ, ਮੌਨ ਪਾਠ ਆਦਿ ਢੰਗਾ ਦਾ ਸੰਬੰਧ ਹੈ :

(1) ਅਨੁਕਰਣ ਪਾਠ ਨਾਲ

(2) ਸਥੂਲ ਪੜ੍ਹਾਈ ਨਾਲ

(3) ਸੂਖਮ ਪੜ੍ਹਾਈ ਨਾਲ

(4) ਵਿਆਕਰਣ ਨਾਲ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

100. ਪਾਠ ਪੁਸਤਕ ਤੋਂ ਬਿਨਾਂ, ਸਕੂਲ ਦੇ ਪੜ੍ਹਨ ਕਮਰੇ, ਲਾਇਬਰੇਰੀ ਵਿਚਲੀਆਂ ਪੁਸਤਕਾਂ, ਰਸਾਲੇ, ਅਖ਼ਬਾਰਾਂ ਆਦਿ ਦੀ ਪੜ੍ਹਾਈ ਅਖਵਾਉਂਦੀ ਹੈ –

(1) ਸੂਖਮ ਪੜ੍ਹਾਈ

(2) ਸਥੂਲ ਪੜ੍ਹਾਈ

(3) ਪ੍ਰਯੋਗਸ਼ਾਲਾ ਪੜ੍ਹਾਈ

(4) ਲਾਇਬਰੇਰੀ ਪੜ੍ਹਾਈ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

101. ਮਾਂਟੇਸਰੀ ਵਿਧੀ, ਪੇਸਟਾਲਾਜੀ ਵਿਧੀ, ਪ੍ਰਸਥਾਪਨ ਵਿਧੀ ਆਦਿ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ ?

(1) ਬੱਚਿਆਂ ਨੂੰ ਸੁਣਨ-ਕਲਾ ਸਿਖਾਉਣ ਲਈ

(2) ਬੱਚਿਆਂ ਨੂੰ ਪੜ੍ਹਨ-ਕਲਾ ਸਿਖਾਉਣ ਲਈ

(3) ਬੱਚਿਆਂ ਨੂੰ ਲਿਖਣ-ਕਲਾ ਸਿਖਾਉਣ ਲਈ

(4) ਬੱਚਿਆਂ ਨੂੰ ਬੋਲਣ-ਕਲਾ ਸਿਖਾਉਣ ਲਈ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

102. ਮੁਲਾਂਕਣ ਅਤੇ ਪ੍ਰੀਖਿਆ ਵਿੱਚ ਕੀ ਅੰਤਰ ਹੈ ?

(1) ਸਮਾਨਾਂਤਰ ਸ਼ਬਦ ਹਨ ।

(2) ਵਿਰੋਧੀ ਸ਼ਬਦ ਹਨ ।

(3) ਮੁਲਾਂਕਣ ਦਾ ਘੇਰਾ ਪ੍ਰੀਖਿਆ ਤੋਂ ਜ਼ਿਆਦਾ ਵਿਸ਼ਾਲ ਹੈ ।

(4) ਦੋਵੇਂ ਪ੍ਰੀਖਿਆਵਾਂ ਹਨ ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

103. ਹੇਠ ਲਿਖਿਆਂ ਵਿਚੋਂ ਕਿਹੜਾ ਚੰਗੀ ਬੋਲਚਾਲ ਦਾ ਗੁਣ ਨਹੀਂ ਹੈ ?

(1) ਸ਼ੁੱਧਤਾ (2) ਸਰਲਤਾ

(3) ਭਾਵੁਕਤਾ (4) ਸੁਭਾਵਿਕਤਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

104. ਜਿਸ ਵਿਧੀ ਅਨੁਸਾਰ ਅਧਿਆਪਕ ਕਠਿਨ ਸ਼ਬਦਾਂ ਦੇ ਅਰਥ ਆਪ ਨਹੀਂ ਦੱਸਦਾ ਸਗੋਂ ਵਿਦਿਆਰਥੀਆਂ ਪਾਸੋਂ ਭਿੰਨ-ਭਿੰਨ ਸਾਧਨਾਂ ਰਾਹੀਂ ਅਰਥ ਕਰਵਾਉਂਦਾ ਹੈ, ਉਸ ਨੂੰ ਕੀ ਕਿਹਾ ਜਾਂਦਾ ਹੈ ?

(1) ਪ੍ਰਵਚਨ ਵਿਧੀ

(2) ਨਿਕਸਾਉਣ ਵਿਧੀ

(3) ਸਪੱਸ਼ਟੀਕਰਨ ਵਿਧੀ

(4) ਪ੍ਰਤੀਕਾਤਮਕ ਵਿਧੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

105. ਕਵਿਤਾ ਪੜ੍ਹਾਉਣ ਦੀਆਂ ਪੱਚਲਿਤ ਵਿਧੀਆਂ ਵਿੱਚੋਂ ਸਭ ਤੋਂ ਮਹੱਤਵਪੂਰਨ ਅਤੇ ਵਧੀਆਂ ਵਿਆਖਿਆ ਵਿਧੀ ਨੂੰ ਮੰਨਿਆ ਜਾਂਦਾ ਹੈ । ਵਿਆਖਿਆ ਵਿਧੀ ਦੀਆਂ ਅੱਗੇ ਤਿੰਨ ਉਪ-ਵਿਧੀਆ ਹਨ, ਉਹ ਕਿਹੜੀਆਂ ਹਨ ?

ੳ. ਵਿਆਸ ਵਿਧੀ

ਅ. ਤੁਲਨਾਤਮਿਕ ਵਿਧੀ

ੲ. ਸਮੀਖਿਆ ਵਿਧੀ

ਸ. ਪ੍ਰਸ਼ਨ ਉੱਤਰ ਵਿਧੀ

ਹੇਠ ਲਿਖਿਆਂ ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ ।

(1) ੳ, ਅ, ੲ

(2) ਅ, ੲ, ਸ

(3) ੲ, ਸ, ੳ

(4) ੳ, ਅ, ਸ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

106. ਨਵੀਨ ਭਾਸ਼ਾ ਨੂੰ ਸਿੱਖਣ ਵਿੱਚ ਸਰਲਤਾ ਤੇ ਸੁਗਮਤਾ ਪੈਦਾ ਕਰਨ ਲਈ ਕਿਸ ਦਾ ਗਿਆਨ ਜ਼ਰੂਰੀ ਹੈ ?

(1) ਕਵਿਤਾ

(2) ਨਾਟਕ

(3) ਵਿਆਕਰਨ

(4) ਕਹਾਣੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

107. ਵਿਆਕਰਨ ਦੀ ਸਿੱਖਿਆ ਕਿਸ ਵਿਧੀ ਨਾਲ ਆਰੰਭ ਕਰਨੀ ਚਾਹੀਦੀ ਹੈ ਅਤੇ ਇਸ ਦੀ ਦੁਹਰਾਈ ਕਿਸ ਵਿਧੀ ਦੁਆਰਾ ਕਰਨੀ ਚਾਹੀਦੀ ਹੈ ?

(1) ਆਗਮਨ ਵਿਧੀ (ਆਰੰਭ), ਨਿਗਮਨ ਵਿਧੀ (ਦੁਹਰਾਈ)

(2) ਨਿਗਮਨ ਵਿਧੀ (ਆਰੰਭ), ਆਗਮਨ ਵਿਧੀ (ਦੁਹਰਾਈ)

(3) ਆਗਮਨ ਵਿਧੀ (ਆਰੰਭ), ਮਨੋਵਿਗਿਆਨਿਕ ਵਿਧੀ (ਦੁਹਰਾਈ)

(4) ਮਨੋਵਿਗਿਆਨਿਕ ਵਿਧੀ (ਆਰੰਭ), ਨਿਗਮਨ ਵਿਧੀ (ਦੁਹਰਾਈ)

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

108. ਛੰਦ-ਬੱਧ ਕਵਿਤਾ ਨੂੰ ਅਧਿਆਪਨ ਦੀ ਦ੍ਰਿਸ਼ਟੀ ਤੋਂ ਕਿੰਨੀਆਂ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ ?

(1) ਦੋ

(2) ਤਿੰਨ

(3) ਚਾਰ

(4) ਪੰਜ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

109. ਕਿਸ ਨੇ ਪੰਜਾਬੀ ਦੀ ਪਹਿਲੀ ਮਿਆਰੀ ਵਿਆਕਰਣ ਲਿਖੀ ?

(1) ਬਲੂਮਫੀਲਡ

(2) ਜੌਹਨ ਨਿਊਟਨ

(3) ਜੈਗਰ

(4) ਜਾਨਸਨ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

110. "ਪਾਠ ਪੁਸਤਕ ਗਿਆਨ, ਅਨੁਭਵਾਂ, ਭਾਵਨਾਵਾਂ, ਵਿਚਾਰਾਂ ਅਤੇ ਪ੍ਰਵਿਰਤੀਆਂ ਤੇ ਮੁੱਲਾਂ ਨੂੰ ਸੰਗ੍ਰਹਿ ਕਰਨ ਦਾ ਇੱਕ ਸਾਧਨ ਹੈ", ਇਹ ਕਥਨ ਹੈ –

(1) ਆਰ. ਡਗਲਸ

(2) ਹੈਰੋਲਿਕਰ

(3) ਡੋਨਲ ਮਾਇਲ

(4) ਕੈਥਰੀਨ ਐਂਕਾਨਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

111. ਪੰਜਾਬੀ ਭਾਸ਼ਾ ਦੀ ਪਾਠ-ਪੁਸਤਕ ਵਿੱਚ ਕਿਹੜੇ ਗੁਣ ਹੋਣੇ ਚਾਹੀਦੇ ਹਨ ?

ੳ. ਵਿਸ਼ੇ ਦਾ ਹੋਰ ਵਿਸ਼ਿਆਂ ਨਾਲ ਸਹਿ-ਸੰਬੰਧ

ਅ. ਵਿਸ਼ਿਆਂ ਦੀ ਇਕਸਾਰਤਾ

ੲ. ਵਿਸ਼ਿਆਂ ਦੀ ਵੰਨ-ਸੁਵੰਨਤਾ

ਸ. ਵਿਸ਼ਿਆਂ ਦਾ ਜੀਵਨ ਨਾਲ ਸੰਬੰਧ

ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਸਹੀ ਹੈ :

(1) ੳ, ਅ, ੲ

(2) ਅ, ੲ, ਸ

(3) ੳ, ਅ, ਸ

(4) ੳ, ੲ, ਸ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

112. ਜੀ. ਓ. ਹਾਊਲ ਦਾ ਕਹਿਣਾ ਹੈ ਕਿ ਵਿਸ਼ਵ ਦਾ ਸੱਭਿਆਚਾਰ, ਇਸਦੇ _____ ਵਿੱਚ ਹੈ ?

(1) ਪ੍ਰਯੋਗਸ਼ਾਲਾਵਾਂ

(2) ਹਸਪਤਾਲਾਂ

(3) ਪੁਸਤਕਾਲਿਆਂ

(4) ਖੇਡ ਮੈਦਾਨਾਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

113. ਉਹ ਸਥਾਨ ਜਿੱਥੇ ਵਿਗਿਆਨਿਕ ਢੰਗਾਂ ਅਤੇ ਸਾਧਨਾਂ ਦਾ ਉਪਯੋਗ ਕਰਕੇ ਵਿਦਿਆਰਥੀਆਂ ਨੂੰ ਮਾਤ-ਭਾਸਾ ਨੂੰ ਸ਼ੁੱਧ ਰੂਪ ਵਿੱਚ ਸਿੱਖਣ ਲਈ ਸਹਾਇਤਾ ਕੀਤੀ ਜਾਂਦੀ ਹੈ, ਉਸ ਨੂੰ ਕੀ ਕਿਹਾ ਜਾਂਦਾ ਹੈ :

(1) ਭਾਸ਼ਾ ਪੁਸਤਕਾਲਾ

(2) ਭਾਸ਼ਾ ਪ੍ਰਯੋਗਸ਼ਾਲਾ

(3) ਭਾਸ਼ਾ ਪਾਠ-ਪੁਸਤਕ

(4) ਚੰਗੀ ਇਮਾਰਤ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

114. ਹੇਠ ਲਿਖਿਆਂ ਵਿੱਚੋਂ ਕਿਹੜੀ ਭਾਸ਼ਾ ਪ੍ਰਯੋਗਸ਼ਾਲਾ ਦੀ ਮਹੱਤਤਾ ਨਹੀਂ ਹੈ ?

(1) ਭਾਸ਼ਾਈ ਕੌਸ਼ਲਾਂ ਵਿੱਚ ਮੁਹਾਰਤ ਹਾਸਿਲ ਕਰਨ ਵਿੱਚ ਸਹਾਇਕ

(2) ਸਵੈ ਵਿਸ਼ਵਾਸ ਪੈਦਾ ਕਰਨ ਵਿੱਚ ਸਹਾਇਕ

(3) ਵਿਆਕਰਣ ਦੀ ਸਿੱਖਿਆ ਦੇਣ ਵਿੱਚ ਸਹਾਇਕ

(4) ਰੱਟਾ ਪ੍ਰਵਿਰਤੀ ਵਿੱਚ ਸਹਾਇਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

115. ਕਿਸੇ ਵੀ ਚੰਗੀ ਪਾਠ-ਪੁਸਤਕ ਦੇ ਅੰਦਰੂਨੀ ਅਤੇ ਬਾਹਰੀ ਦੋਵੇਂ ਪ੍ਰਕਾਰ ਦੇ ਗੁਣ ਹੁੰਦੇ ਹਨ । ਬਾਹਰੀ ਗੁਣਾਂ ਦੇ ਅੰਤਰਗਤ ਕਿਹੜਾ ਗੁਣ ਨਹੀਂ ਆਉਂਦਾ ।

(1) ਆਕਾਰ (2) ਛਪਾਈ

(3) ਜਿਲਦ (4) ਸ਼ੈਲੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

116. ਪ੍ਰੰਪਰਾਗਤ ਭਾਸ਼ਾ ਵਿਗਿਆਨੀਆਂ ਅਨੁਸਾਰ ਭਾਸ਼ਾ ਦੀ ਜੁਗਤ ਅਤੇ ਇਸਦੇ ਕਾਰਜ ਦੇ ਅਨਿਖੜਵੇਂ ਅੰਗ ਹਨ :

(1) ਧੁਨੀ ਅਤੇ ਸ਼ਬਦ

(2) ਬੋਲਣਾ ਅਤੇ ਸੁਣਨਾ

(3) ਵਿਰੋਧ ਅਤੇ ਟਾਕਰਾ

(4) ਰੂਪ ਅਤੇ ਭਾਵ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

117. ਵਿਸ਼ੇਸ਼ ਕਿੱਤੇ ਨਾਲ ਸੰਬੰਧਿਤ ਭਾਸ਼ਾ ਵੰਨਗੀ ਨੂੰ ਕੀ ਕਿਹਾ ਜਾਂਦਾ ਹੈ

(1) ਫਾਈਲ

(2) ਕਿਤਾਬ

(3) ਰਜਿਸਟਰ

(4) ਕਾਪੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

118. ਪੰਜਾਬ ਦੇ ਇਨ੍ਹਾਂ ਜ਼ਿਲ੍ਹਿਆਂ ਵਿੱਚ ਮਲਵਈ ਬੋਲੀ ਜਾਂਦੀ ਹੈ

(1) ਹੁਸ਼ਿਆਰਪੁਰ, ਜਲੰਧਰ

(2) ਫਰੀਦਕੋਟ, ਲੁਧਿਆਣਾ

(3) ਅੰਮ੍ਰਿਤਸਰ, ਗੁਰਦਾਸਪੁਰ

(4) ਨਵਾਂ ਸ਼ਹਿਰ, ਕਪੂਰਥਲਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

119. ਹੇਠ ਲਿਖਿਆਂ ਵਿਚੋਂ ਕਿਹੜੇ ਵਿਅੰਜਨ, ਦੰਤੀ ਵਿਅੰਜਨ ਹਨ ?

(1) ਪ ਫ ਬ

(2) ਤ ਥ ਦ

(3) ਟ ਠ ਡ

(4) ਕ ਖ ਗ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

120. /ਲ਼/ ਵਿਅੰਜਨ ਕਿਹੜਾ ਹੈ ?

(1) ਤਾਲਵੀ

(2) ਦੰਤੀ

(3) ਮੂਰਧਨੀ (ਉਲਟ ਜੀਭੀ)

(4) ਕੰਠੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

121. ਨਾਸਿਕੀ ਵਿਅੰਜਨਾਂ ਦਾ ਉਚਾਰਣ ਕਰਨ ਵੇਲੇ ਆਵਾਜ਼ ਕਿੱਥੋਂ ਨਿਕਲਦੀ ਹੈ

(1) ਗਲੇ ਵਿੱਚੋਂ

(2) ਮੂੰਹ ਵਿੱਚੋਂ

(3) ਨੱਕ ਵਿੱਚੋਂ

(4) ਬੁੱਲ੍ਹਾਂ ਵਿੱਚੋਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

122. ਲਿਪੀ ਦੇ ਅੰਤਰਗਤ ਸ਼ਾਮਿਲ ਹੈ ?

(1) ਵਰਨਮਾਲਾ, ਅੱਖਰਕ੍ਰਮ, ਸਹਾਇਕ ਚਿੰਨ੍ਹ

(2) ਵਰਨਮਾਲਾ, ਸੁਰ, ਵਿਅੰਜਨ

(3) ਸੁਰ, ਵਿਅੰਜਨ, ਲਗਾਖਰ

(4) ਸੁਰ, ਵਿਅੰਜਨ, ਲਗਾ ਮਾਤਰਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

123. ਅਜਿਹੇ ਕਿਹੜੇ ਗੁਰਮੁਖੀ ਲਿਪੀ ਚਿੰਨ੍ਹ ਹਨ ਜਿਹੜੇ ਸਘੋਸ਼ ਮਹਾਂਪਰਾਣ ਧੁਨੀਆਂ ਨਾਲ ਸੰਬੰਧਤ ਹਨ ?

(1) ਘ, ਝ, ਢ, ਧ, ਭ

(2) ਖ, ਛ, ਠ, ਥ, ਫ

(3) ਕ, ਚ, ਟ, ਤ, ਪ

(4) ਗ, ਜ, ਡ, ਦ, ਬ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

124. 'ਧੀਆਂ' ਸ਼ਬਦ ਵਿਚ ਕਿਹੜੇ ਸੁਰਾਂ ਦੀ ਵਰਤੋਂ ਕੀਤੀ ਗਈ ਹੈ ?

(1) ਲਘੂ + ਦੀਰਘ

(2) ਦੀਰਘ + ਲਘੂ

(3) ਲਘੂ + ਲਘੂ

(4) ਦੀਰਘ + ਦੀਰਘ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

125. ਹੇਠ ਲਿਖਿਆਂ ਵਿਚੋਂ ਕਿਹੜੀ ਸ਼ਬਦ ਸ਼੍ਰੇਣੀ ਨੂੰ ਨਾਂਵ ਦਾ ਬਦਲ ਕਿਹਾ ਜਾਂਦਾ ਹੈ ?

(1) ਕਿਰਿਆ

(2) ਕਿਰਿਆ ਵਿਸ਼ੇਸ਼ਣ

(3) ਪੜਨਾਂਵ

(4) ਸੰਬੰਧਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

126. ਪੰਜਾਬੀ ਦੇ ਨਾਂਵ ਸ਼ਬਦਾਂ ਵਿਚ ਰੂਪਾਂਤਰਣ ਹੁੰਦਾ ਹੈ :

(1) ਲਿੰਗ ਅਤੇ ਕਾਰਕ ਦੀ ਪੱਧਰ 'ਤੇ

(2) ਵਚਨ ਅਤੇ ਕਿਰਿਆ ਦੀ ਪੱਧਰ 'ਤੇ

(3) ਵਚਨ ਅਤੇ ਕਾਰਕ ਦੇ ਪੱਧਰ 'ਤੇ

(4) ਵਚਨ ਅਤੇ ਲਿੰਗ ਦੀ ਪੱਧਰ 'ਤੇ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

127. 'ਅਤੇ, ਕਿ, ਜੇ, ਤਾਂ' ਦਾ ਸੰਬੰਧ ਕਿਸ ਸ਼ਬਦ ਸ਼੍ਰੇਣੀ ਨਾਲ ਹੈ ?

(1) ਕਿਰਿਆ

(2) ਕਿਰਿਆ ਵਿਸ਼ੇਸ਼ਣ

(3) ਯੋਜਕ

(4) ਸਹਾਇਕ ਕਿਰਿਆ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

128. 'ਦੇ, ਨੇ, ਦਾ, ਨੂੰ, ਨਾਲ' ਦਾ ਸਬੰਧ ਕਿਸ ਸ਼ਬਦ ਸ਼ੇਣੀ ਨਾਲ ਹੈ ?

(1) ਕਿਰਿਆ ਵਿਸ਼ੇਸ਼ਣ

(2) ਵਿਸਮਿਕ

(3) ਸਹਾਇਕ ਕਿਰਿਆ

(4) ਸੰਬੰਧਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

129. ਪੜਨਾਂਵੀਂ ਵਿਸ਼ੇਸ਼ਣ ਕਿੰਨੀ ਤਰ੍ਹਾਂ ਦੇ ਹੁੰਦੇ ਹਨ ?

(1) ਦੋ

(2) ਤਿੰਨ

(3) ਚਾਰ

(4) ਪੰਜ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

130. 'ਖੁਦ' ਪੜਨਾਂਵ ਸ਼੍ਰੇਣੀ ਹੈ :

(1) ਪੁਰਖਵਾਚੀ ਪੜਨਾਂਵ

(2) ਨਿਸ਼ਚੇਵਾਚਕ ਪੜਨਾਂਵ

(3) ਸੰਬੰਧਵਾਚਕ ਪੜਨਾਂਵ

(4) ਨਿੱਜਵਾਚਕ ਪੜਨਾਂਵ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

131. ਵਰਤੋਂ ਦੇ ਪੱਖ ਤੋਂ ਵਿਸ਼ੇਸ਼ਣਾਂ ਦੀਆਂ ਕਿੰਨੀਆਂ ਤੇ ਕਿਹੜੀਆਂ ਸ਼੍ਰੇਣੀਆਂ ਹਨ ?

(1) ਚਾਰ ਸ਼੍ਰੇਣੀਆਂ – ਗੁਣਵਾਚਕ, ਸੰਖਿਆਵਾਚਕ, ਨਿਸ਼ਚੇਵਾਚਕ, ਪਰਮਾਣ ਵਾਚਕ

(2) ਦੋ ਸ਼੍ਰੇਣੀਆਂ – ਵਿਕਾਰੀ ਅਤੇ ਅਵਿਕਾਰੀ ਵਿਸ਼ੇਸ਼ਣ

(3) ਦੋ ਸ਼੍ਰੇਣੀਆਂ – ਵਿਸ਼ੇਸ਼ ਵਿਸ਼ੇਸ਼ਣ ਅਤੇ ਵਿਧੇ ਵਿਸ਼ੇਸ਼ਣ

(4) ਦੋ ਸ਼੍ਰੇਣੀਆਂ – ਇਕਹਿਰੇ ਵਿਸ਼ੇਸ਼ਣ ਅਤੇ ਸੰਯੁਗਤ ਵਿਸ਼ੇਸ਼ਣ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

132. ਅਗੇਤਰਾਂ-ਪਿਛੇਤਰਾਂ ਨੂੰ ਕਿਸ ਵੰਨਗੀ ਦੇ ਸ਼ਬਦ ਕਿਹਾ ਜਾਂਦਾ ਹੈ ?

(1) ਅਵਿਕਾਰੀ ਸ਼ਬਦ

(2) ਵਿਕਾਰੀ ਸ਼ਬਦ

(3) ਧਾਤੂ ਸ਼ਬਦ

(4) ਅਬਦਲ ਸ਼ਬਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

133. ਵਿਸਮਿਕ ਸ਼ਬਦ ਸ਼੍ਰੇਣੀ ਦੇ ਸ਼ਬਦ ਕਿਹੜੇ ਹਨ –

(1) ਅਵਿਕਾਰੀ

(2) ਵਿਕਾਰੀ

(3) ਵਿਕਾਰੀ ਤੇ ਅਵਿਕਾਰੀ ਦੋਵੇਂ

(4) ਕੋਸ਼ੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

134. ਰੱਬਾ ਰੱਬਾ ! ਮੀਂਹ ਵਰਸਾ, ਸਾਡੀ **ਕੋਠੀ** ਦਾਣੇ ਪਾ ।

ਇਸ ਵਾਕ ਵਿਚ ਆਏ ਸ਼ਬਦ 'ਕੋਠੀ' ਦੀ ਕਾਰਕੀ ਕਿਸਮ ਕਿਹੜੀ ਹੈ ?

(1) ਅਪਾਦਾਨ ਕਾਰਕ

(2) ਕਰਣ ਕਾਰਕ

(3) ਅਧਿਕਰਣ ਕਾਰਕ

(4) ਸੰਬੰਧ ਕਾਰਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

135. 'ਮੁੰਡੇ ਨੇ ਕੁੱਤੇ ਨੂੰ ਸੋਟੀ ਨਾਲ ਮਾਰਿਆ' ਵਾਕ ਵਿਚ ਕਿਰਿਆ ਵਾਕੰਸ਼ ਨਾਲ ਸੰਬੰਧਤ ਸ਼ਬਦ-ਸਮੂਹ ਵਿਚ ਕਿੰਨੇ ਸ਼ਬਦ ਹਨ ?

(1) ਚਾਰ

(2) ਤਿੰਨ

(3) ਦੋ

(4) ਇਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

136. 'ਮਾਂ ਨੇ ਕੁੜੀ ਨੂੰ ਰੋਟੀ ਦਿੱਤੀ' ਵਾਕ ਦਾ ਬਣਤਰ ਪੈਟਰਨ ਹੈ :-

(1) ਕਰਤਾ + ਕਰਮ + ਕਰਮ ਪੂਰਕ + ਕਿਰਿਆ

(2) ਕਰਤਾ + ਕਰਮ + ਸਕਰਮਕ ਕਿਰਿਆ

(3) ਕਰਤਾ + ਅਪਰਧਾਨ ਕਰਮ + ਪਰਧਾਨ ਕਰਮ + ਕਿਰਿਆ

(4) ਕਰਤਾ + ਕਰਤਾ ਪੂਰਕ + ਕਿਰਿਆ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

137. ਸੰਯੁਕਤ ਵਾਕ ਦੀ ਬਣਤਰ ਵਿਚ ਲਾਜ਼ਮੀ ਸ਼ਰਤ ਕਿਹੜੀ ਹੈ ?

(1) ਘੱਟੋ ਘੱਟ ਦੋ ਸਵਾਧੀਨ ਉਪਵਾਕ

(2) ਅਕਾਲਕੀ ਕਿਰਿਆ

(3) ਇਕ ਸਵਾਧੀਨ ਉਪਵਾਕ

(4) ਇਕ ਪਰਾਧੀਨ ਉਪਵਾਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

138. 'ਉਹ ਗਰੀਬ ਹੈ ਪਰ ਇਮਾਨਦਾਰ ਹੈ' ਵਾਕ ਹੈ :

(1) ਸਧਾਰਨ ਵਾਕ

(2) ਸੰਯੁਕਤ ਵਾਕ

(3) ਮਿਸ਼ਰਿਤ ਵਾਕ

(4) ਗੁੰਝਲਦਾਰ ਵਾਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

139. 'ਉਪਰਾਮਤਾ' ਦਾ ਵਿਰੋਧੀ ਸ਼ਬਦ ਚੁਣੋ ।

(1) ਉਦਾਸੀ

(2) ਉਤਸੁਕ

(3) ਵਲਵਲਾ

(4) ਨਿਰਾਸ਼ਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

140. ਹੇਠ ਲਿਖਿਆਂ ਵਿਚੋਂ ਕਿਹੜਾ 'ਅੱਖਰਾ' ਦਾ ਸਹੀ ਸਮਾਨਅਰਥੀ ਜੁੱਟ ਹੈ ?

(1) ਚੰਚਲ, ਜ਼ਿੱਦੀ, ਅੜਬ, ਅੰਞਾਣਾ, ਕੱਬਾ

(2) ਅੜਬ, ਜ਼ਿੱਦੀ, ਕੱਬਾ, ਜਾਤਕ, ਗੁਮਾਨੀ

(3) ਅੱਖੜ, ਅੜਬ, ਅਸੀਲ, ਅਭਿਮਾਨੀ, ਘਮੰਡੀ

(4) ਅੜਬ, ਜ਼ਿੱਦੀ, ਅੱਖੜ, ਚੰਚਲ, ਕੱਬਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

141. 'ਵਹਿਸ਼ੀ' ਸ਼ਬਦ ਦਾ ਵਿਰੋਧੀ ਸ਼ਬਦ ਹੈ :

(1) ਸੰਵਰਨਾ

(2) ਸ਼ੱਕੀ

(3) ਸੰਗਾਊ

(4) ਸੱਭਿਆ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

142. ਸਹੀ ਵਿਰੋਧੀ ਸ਼ਬਦ ਜੁੱਟ ਕਿਹੜਾ ਹੈ –

(1) ਆਮਦਨ – ਖਰਚ

(2) ਸੁਖਾਂਤ – ਖੁੱਲ੍ਹੀ

(3) ਹਾਨੀ – ਨੁਕਸਾਨ

(4) ਨੇਕੀ – ਭਲਾਈ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

143 – 145 (ਅਣਡਿੱਠਾ ਪੈਰਾ)

ਹੇਠ ਲਿਖੀਆਂ ਕਾਵਿ ਪੰਗਤੀਆਂ ਦੇ ਆਧਾਰ ਤੇ ਅੱਗੇ ਦਿੱਤੇ ਗਏ ਪ੍ਰਸ਼ਨਾਂ ਲਈ ਸਹੀ ਉੱਤਰ ਦੀ ਚੋਣ ਕਰੋ :

ਝੰਡਿਆ ਤਿਰੰਗਿਆ, ਨਿਰਾਲੀ ਤੇਰੀ ਸ਼ਾਨ ਏ ।
ਸਾਰੇ ਦੇਸ਼ ਵਾਸੀਆਂ ਨੂੰ, ਤੇਰੇ ਉੱਤੇ ਮਾਣ ਏ ।
ਸਾਵਾ ਰੰਗ ਤੇਰਾ ਦੱਸੇ, ਖੇਤੀਆਂ ਦੇ ਰੰਗ ਨੂੰ ।
ਪਹਿਨ ਬਾਣਾ ਕੇਸਰੀ, ਸ਼ਹੀਦ ਜਾਣ ਜੰਗ ਨੂੰ ।
ਤਿੰਨੇ ਰੰਗ ਕੱਠੇ ਹੋ ਕੇ ਏਕਤਾ ਨੂੰ ਦੱਸਦੇ ।
ਤੇਰੀ ਛਾਇਆ ਹੇਠ, ਸਾਰੇ ਭਾਈ ਭਾਈ ਵੱਸਦੇ ।
ਚੱਕਰ ਅਸ਼ੋਕ ਦਾ, ਵਿਕਾਸ ਦਾ ਨਿਸ਼ਾਨ ਏ ।
ਲੰਡਿਆ ਤਿਰੰਗਿਆ, ਨਿਰਾਲੀ ਤੇਰੀ ਸ਼ਾਨ ਏ ।

143. ਤਿੰਨੇ ਰੰਗ ਕੱਠੇ ਹੋ ਕੇ ਕੀ ਦੱਸਦੇ ਹਨ ?

(1) ਏਕਤਾ ਨੂੰ

(2) ਵਿਕਾਸ ਨੂੰ

(3) ਖੇਤੀ ਨੂੰ

(4) ਜੰਗ ਨੂੰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

144. ਕਵੀ ਅਨੁਸਾਰ ਸ਼ਹੀਦ ਕਿਹੜਾ ਬਾਣਾ ਪਹਿਨ ਕੇ ਜੰਗ ਨੂੰ ਜਾਂਦੇ ਹਨ ?

(1) ਕੇਸਰੀ ਬਾਣਾ

(2) ਸਫੇਦ ਬਾਣਾ

(3) ਸਾਵਾ ਬਾਣਾ

(4) ਨੀਲਾ ਬਾਣਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

145. ਕਵਿਤਾ ਅਨੁਸਾਰ ਅਸ਼ੋਕ ਚੱਕਰ ਕਿਸ ਚੀਜ਼ ਦਾ ਪ੍ਰਤੀਕ ਹੈ ?

(1) ਵਿਕਾਸ ਦਾ

(2) ਖੇਤੀ ਦਾ

(3) ਸ਼ਹੀਦ ਹੋਣ ਦਾ

(4) ਸ਼ਾਨ ਦਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

146 – 148 (ਅਣਡਿੱਠਾ ਪੈਰਾ)

ਮੇਰੇ ਦਾਦੀ ਜੀ ਬੁੱਢੇ ਹਨ, ਬਹੁਤ ਬੁੱਢੇ; ਤਿੰਨ ਉਤੇ ਤਰਿਆਨਵੇਂ ਵਰ੍ਹਿਆਂ ਦੇ । ਇਹ ਛੋਟੇ ਹਨ, ਬਹੁਤ ਛੋਟੇ; ਮਸਾਂ ਚਾਰ ਤੇ ਅੱਧਾ ਫੁਟ । ਇਹ ਖ਼ੁਸ਼ ਹਨ, ਬੜੇ ਖ਼ੁਸ਼, ਜੀਕਰ ਸੁਨਹਿਰੀ ਕਿਰਨਾਂ-ਚੁੰਮਿਆਂ ਕੰਵਲ । ਇਹ ਕੋਮਲ ਹਨ, ਬੜੇ ਕੋਮਲ; ਉਸ ਨਿੱਕੀ ਨਦੀ ਵਾਂਗ ਜਿਹੜੀ ਮਹਿਕਦੇ ਬਾਗ਼ ਦੇ ਖਿੜਦੇ ਬੂਟਿਆਂ ਨੂੰ ਛੂੰਹਦੀ ਵਗਦੀ ਹੈ । ਇਹ ਇਕ ਪੁਰਾਤਨ ਸਿਖ ਦਾ ਨਮੂਨਾ ਹਨ । ਇਨ੍ਹਾਂ ਦੇ ਦੁਆਲੇ ਸੈਂਕੜੇ ਨਵੇ ਖਿਆਲ ਉਠਦੇ ਤੇ ਇਨ੍ਹਾਂ ਨੂੰ ਛੁਹੇ ਬਿਨਾ ਮੁੱਕ ਜਾਂਦੇ ਹਨ । ਬੱਦਲ ਕਾਲੇ ਹੋਣ ਜਾਂ ਧੁੱਪਾਂ ਨਿਸ਼ਕਦੀਆਂ ਹੋਣ, ਮੀਂਹ ਵਰਦੇ ਹੋਣ ਜਾਂ ਧਰਤੀ ਤਪਦੀ ਹੋਵੇ, ਇਹ ਪਥਰੀਲੀ ਪਹਾੜੀ ਦੀ ਸਿਖਰ ਉਤੇ ਸੰਗ-ਮਰਮਰ ਦੇ ਮੰਦਰ ਵਾਂਗ ਉਹਨਾਂ ਤਬਦੀਲੀਆਂ ਉਤੇ ਮੁਸਕਾਂਦੇ ਹਨ, ਜਿਹੜੀਆਂ ਇਨ੍ਹਾਂ ਨੂੰ ਤਬਦੀਲ ਨਹੀਂ ਕਰਦੀਆਂ । ਇਹ ਜਾਗਦੇ ਹਨ, ਇਹ ਸੌਂਦੇ ਹਨ, ਇਹ ਖਾਂਦੇ ਹਨ, ਇਹ ਵਰਤ ਰਖਦੇ ਹਨ- ਸਭ ਨੂੰ ਧਰਮ ਸਮਝ ਕੇ । ਕੰਮ ਕਰਦੇ, ਧਰਮ ਸਮਝ ਕੇ; ਆਰਾਮ ਕਰਦੇ, ਧਰਮ ਸਮਝ ਕੇ । ਇਨ੍ਹਾਂ ਲਈ ਧਰਮ ਕੋਈ ਸਿਧਾਂਤ ਨਹੀਂ, ਕੋਈ ਅਕੀਦਾ ਨਹੀਂ – ਸਮੁੱਚਾ ਜੀਵਨ ਹੈ । ਇਹ ਅਤਿ ਸੁਹਣੀ ਇਸਤ੍ਰੀ ਸੰਨ 1930 ਵਿਚ ਪੂਰੀ ਹੋ ਗਈ । ਓਦੋਂ ਇਨ੍ਹਾਂ ਦੀ ਉਮਰ ਸੌ ਵਰੇ ਦੀ ਸੀ । ਅਖ਼ੀਰਲੇ ਦਿਨ ਤਕ ਇਹ ਦੂਜੇ ਦੇ ਖ਼ਿਆਲ ਨਾਲ ਭਰਪੂਰ ਰਹੇ । ਸਿਰਫ਼ ਇੱਕ ਮਹੀਨਾ ਅਖ਼ੀਰਲਾ ਇਹ ਮੰਜੇ ਉਤੇ ਪਏ । ਪਰ ਇਨ੍ਹਾਂ ਆਪਣੀ ਪੀੜ ਦਾ ਭਾਰ ਕਿਸੇ ਉਤੇ ਨਹੀਂ ਪਾਇਆ । ਜਦੋਂ ਕਿਸੇ ਹਾਲ ਪੁਛਿਆ, ਇਨ੍ਹਾਂ ਹੱਸ ਕੇ "ਚੰਗਾ" ਆਖਿਆ । ਇਨ੍ਹਾਂ ਦੀ ਫੁੜ੍ਹੀ ਉਤੇ ਕਈਆਂ ਨੇ ਇਨ੍ਹਾਂ ਦੀਆਂ ਉਹ 'ਗੱਲਾਂ' ਦੱਸੀਆਂ ਜਿਹੜੀਆ ਉਨ੍ਹਾਂ ਆਪਣੇ ਘਰ ਕਿਸੇ ਨਾਲ ਨਹੀਂ ਸਨ ਕੀਤੀਆਂ ।

146. ਜਦੋਂ ਦਾਦੀ ਜੀ ਪੂਰੇ ਹੋਏ, ਉਦੋਂ ਉਨ੍ਹਾਂ ਦੀ ਉਮਰ ਕਿੰਨੇ ਵਰੇ ਦੀ ਸੀ ?

(1) ਨੱਬੇ

(2) ਤਰਿਆਨਵੇਂ

(3) ਛਿਆਨਵੇਂ

(4) ਸੌ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

147. ਆਖਰੀ ਸਮੇਂ ਤੱਕ ਦਾਦੀਜੀ ਕਿਸ ਅਵਸਥਾ ਵਿਚ ਰਹੇ ?

(1) ਢਹਿੰਦੀ ਕਲਾ ਵਿੱਚ

(2) ਚੜ੍ਹਦੀ ਕਲਾ ਵਿੱਚ

(3) ਸਮਾਂ ਟਪਾਉਂਦੇ ਰਹੇ

(4) ਉਲਾਮਾ ਦਿੰਦੇ ਰਹੇ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

148. "ਫੁੜ੍ਹੀ" ਤੋ ਕੀ ਭਾਵ ਹੈ ?

(1) ਮਾਤਮ ਕਰਨ ਲਈ ਵਿਛਾਈ ਸਫ਼, ਚਟਾਈ

(2) ਮਾਤਮ ਸਮੇਂ ਪੇਕਿਆਂ ਦਾ ਆਉਣਾ

(3) ਮਾਤਮ ਸਮੇਂ ਕਾਰਜ ਕਰਨੇ

(4) ਮਾਤਮ ਸਮੇਂ ਚੁੱਪ ਰਹਿਣਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

149. ਹੇਠ ਲਿਖਿਆਂ ਵਿਚੋਂ ਸਹੀ ਵਿਸਰਾਮ ਚਿੰਨ੍ਹ **ਅਵਸਾਰ** ਉਤਰ ਦੀ ਚੋਣ ਕਰੋ :

(1) ਹੈਂ ਇਸਤਰੀ ਨੇ ਡਾਕੂ ਮਾਰ ਭਜਾ ਦਿੱਤੇ ।

(2) ਹੈਂ ਇਸਤਰੀ ਨੇ ਡਾਕੂ ਮਾਰ ਭਜਾ ਦਿੱਤੇ,

(3) ਹੈਂ ਇਸਤਰੀ ਨੇ, ਡਾਕੂ ਮਾਰ ਭਜਾ ਦਿੱਤੇ,

(4) ਹੈਂ ! ਇਸਤਰੀ ਨੇ ਡਾਕੂ ਮਾਰ ਭਜਾ ਦਿੱਤੇ !

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

150. 'ਲੱਖ ਮਾਰਨਾ' ਮੁਹਾਵਰੇ ਦਾ ਅਰਥ ਹੈ –

(1) ਸ਼ੇਖ਼ੀ ਮਾਰਨਾ

(2) ਵਧਾ ਚੜ੍ਹਾ ਕੇ ਦੱਸਣਾ

(3) ਬਹਾਨੇ ਬਣਾਉਣਾ

(4) ਸਮਾਂ ਅਜਾਈਂ ਗੁਆਉਣਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

रफ कार्य के लिए स्थान / SPACE FOR ROUGH WORK